ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 18/12 ਦਸੰਬਰ 2018 – ਨਾਨਕਸ਼ਾਹੀ ਕੱਤਕ- 550

## ਇਤਿਹਾਸਿਕ ਦਿਹਾੜੇ

### ਦਸੰਬਰ 2018 ਅਤੇ ਜਨਵਰੀ 2019

| | |
|---|---|
| ਗੁਰਗੱਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ੧੦ ਦਸੰਬਰ |
| ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | ੧੨ ਦਸੰਬਰ |
| ਜਨਮ ਸਾਹਿਬਜ਼ਾਦਾ ਫਤਿਹ ਸਿੰਘ ਜੀ | ੧੪ ਦਸੰਬਰ |
| ਸ਼ਹੀਦੀ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ | ੨੩ ਦਸੰਬਰ |
| ਸ਼ਹੀਦੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ | ੨੮ ਦਸੰਬਰ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ੧੩ ਜਨਵਰੀ |
| ਨੀਂਹ ਪੱਥਰ ਸ੍ਰੀ ਹਰਿਮੰਦਰ ਸਾਹਿਬ | ੧੪ ਜਨਵਰੀ |
| ਚਾਬੀਆਂ ਦਾ ਮੋਰਚਾ | ੨੦ ਜਨਵਰੀ |
| ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ | ੨੭ ਜਨਵਰੀ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਪੋਖਿ ਤੁਖਾਰੁ ਨ ਵਿਆਪਈ .........॥ (ਜੀਵਨ - ਜੁਗਤਿ)

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥

ਮਾਝ ਬਾਰਹਮਾਹਾ (ਮਃ ੫) - ਅੰਗ ੧੩੫

ਪਦ ਅਰਥ:-ਪੋਖਿ-ਪੋਹ ਮਹੀਨੇ ਵਿਚ ॥ ਤੁਖਾਰੁ-ਕੱਕਰ, ਕੋਰਾ । ਨ ਵਿਆਪਈ-ਜੋਰ ਨਹੀਂ ਪਾਂਦਾ । ਕੰਠਿ-ਗਲ ਵਿਚ, ਗਲ ਨਾਲ (ਹਿਰਦੇ ਵਿਚ) । ਨਾਹੁ-ਨਾਥ, ਖਸਮ, ਪਤੀ । ਬੇਧਿਆ-ਵਿੰਨ੍ਹਿਆ ਜਾਂਦਾ ਹੈ । ਚਰਨਾਰਬਿੰਦ-ਚਰਨ-ਅਰਬਿੰਦ, ਚਰਨ ਕਮਲ । ਦਰਸਨਿ-ਦੀਦਾਰ ਵਿਚ । ਸਾਹੁ-ਇਕ ਇਕ ਸਾਹ, ਬ੍ਰਿਤੀ । ਲਾਹੁ-ਲਾਭ । ਬਿਖਿਆ-ਮਾਇਆ । ਸਾਧੂ-ਗੁਰੂ । ਗੁਣ ਗਾਹੁ-ਗੁਣਾਂ ਦੀ ਵਿਚਾਰ, ਗੁਣਾਂ ਵਿਚ ਚੁੱਭੀ । ਜਹ ਤੇ-ਜਿਸ ਪ੍ਰਭੂ ਤੋਂ । ਸਮਾਹੁ-ਲਿਵ । ਕਰੁ-ਹੱਥ । ਗਹਿ-ਫੜ ਕੇ । ਪਾਰਬ੍ਰਹਮਿ-ਪਾਰਬ੍ਰਹਮ ਨੇ । ਬਾਰਿ ਜਾਉ-ਮੈਂ ਵਾਰਨੇ ਜਾਂਦੀ ਹਾਂ । ਬੇਰੀਆ-ਵਾਰੀ । ਅਗਮ-ਅਪਹੁੰਚ । ਅਗਾਹੁ-ਅਗਾਧ, ਡੂੰਘੇ ਜਿਗਰੇ ਵਾਲਾ । ਸਰਮ-ਲਾਜ । ਸਰਮ ਪਈ-ਇੱਜ਼ਤ ਰੱਖਣੀ ਪਈ । ਦਰਿ-ਦਰ ਉੱਤੇ । ਸੋੁਹੰਦਾ-{ਅਸਲ ਲਫ਼ਜ਼ 'ਸੋਹੰਦਾ' ਹੈ, ਪਾਠ 'ਸੁਹੰਦਾ' ਕਰਨਾ ਹੈ । ਅੱਖਰ 'ਸ' ਦੇ ਨਾਲ ੋ ਅਤੇ ੁ ਦੋਂਵੇ ਲਗਾਂ ਵਰਤੀਆਂ ਹਨ॥}ਸੋਹਣਾ ਲੱਗਦਾ ਹੈ ।

ਅਰਥ :- ਪੋਹ ਦੇ ਮਹੀਨੇ ਜਿਸ ਜੀਵ-ਇਸਤ੍ਰੀ ਦੇ ਗਲ ਨਾਲ (ਹਿਰਦੇ ਵਿਚ) ਪ੍ਰਭੂ-ਪਤੀ ਲੱਗਾ ਹੋਇਆ ਹੋਵੇ ਉਸ ਨੂੰ ਕੱਕਰ (ਮਨ ਦੀ ਕਠੋਰਤਾ, ਕੋਰਾਪਨ) ਜੋਰ ਨਹੀਂ ਪਾ ਸਕਦਾ, (ਕਿਉਂਕਿ) ਉਸਦੀ ਬ੍ਰਿਤੀ ਪ੍ਰਭੂ ਦੇ ਦੀਦਾਰ ਦੀ ਤਾਂਘ ਵਿਚ ਜੁੜੀ ਰਹਿੰਦੀ ਹੈ, ਉਸ ਦਾ ਮਨ ਪ੍ਰਭੂ ਦੇ ਸੋਹਣੇ ਚਰਨਾਂ ਵਿਚ ਵਿੱਝਾ ਰਹਿੰਦਾ ਹੈ

ਜਿਸ ਜੀਵ-ਇਸਤ੍ਰੀ ਨੇ ਗੋਬਿੰਦ ਗੋਪਾਲ ਦਾ ਆਸਰਾ ਲਿਆ ਹੈ, ਉਸ ਨੇ ਪ੍ਰਭੂ-ਪਤੀ ਦੀ ਸੇਵਾ ਦਾ ਲਾਭ ਖੱਟਿਆ ਹੈ, ਮਾਇਆ ਉਸ ਨੂੰ ਪੋਹ ਨਹੀਂ ਸਕਦੀ, ਗੁਰੂ ਨੂੰ ਮਿਲ ਕੇ ਉਸ ਨੇ ਪ੍ਰਭੂ ਦੀ ਸਿਫ਼ਤਿ-ਸਾਲਾਹ ਵਿਚ ਚੁੱਭੀ ਲਾਈ ਹੈ । ਜਿਸ ਪਰਮਾਤਮਾ ਤੋਂ ਉਸ ਨੇ ਜਨਮ ਲਿਆ ਹੈ, ਉਸੇ ਵਿਚ ਉਹ ਜੁੜੀ ਰਹਿੰਦੀ ਹੈ, ਉਸ ਦੀ ਲਿਵ ਪ੍ਰਭੂ ਦੀ ਪ੍ਰੀਤ ਵਿਚ

ਲੱਗੀ ਰਹਿੰਦੀ ਹੈ । ਪਾਰਬ੍ਰਹਮ ਨੇ (ਉਸ ਦਾ) ਹੱਥ ਫੜ ਕੇ (ਉਸ ਨੂੰ ਆਪਣੇ ਚਰਨਾਂ ਵਿਚ) ਜੋੜਿਆ ਹੁੰਦਾ ਹੈ, ਉਹ ਮੁੜ (ਉਸ ਦੇ ਚਰਨਾਂ ਤੋਂ) ਵਿੱਛੜਦੀ ਨਹੀਂ । (ਪਰ) ਉਹ ਸੱਜਣ ਪ੍ਰਭੂ ਬੜਾ ਅਪਹੁੰਚ ਹੈ, ਬੜਾ ਡੂੰਘਾ ਹੈ, ਮੈਂ ਉਸ ਤੋਂ ਲਖ ਵਾਰੀ ਕੁਰਬਾਨ ਹਾਂ । ਹੇ ਨਾਨਕ ! (ਉਹ ਬੜਾ ਦਿਆਲ ਹੈ) ਦਰ ਉੱਤੇ ਡਿੱਗਿਆਂ ਦੀ ਉਸ ਪ੍ਰਭੂ ਨੂੰ ਇੱਜ਼ਤ ਰੱਖਣੀ ਹੀ ਪੈਂਦੀ ਹੈ ।

ਜਿਸ ਉੱਤੇ ਉਹ ਬੇ-ਪਰਵਾਹ ਪ੍ਰਭੂ ਮਿਹਰ ਕਰਦਾ ਹੈ, ਉਸ ਨੂੰ ਪੋਹ ਦਾ ਮਹੀਨਾ ਸੁਹਾਵਣਾ ਲੱਗਦਾ ਹੈ ਉਸ ਨੂੰ ਸਾਰੇ ਹੀ ਸੁਖ ਮਿਲ ਜਾਂਦੇ ਹਨ ।੧੧॥

## ਸੰਖੇਪ ਜੀਵਨ

**੧. ਸਾਹਿਬਜ਼ਾਦਾ ਅਜੀਤ ਸਿੰਘ ਜੀ :**

ਜਨਮ : ਮਾਘ ਸੁਦੀ 4 (23 ਮਾਘ) ਸੰਮਤ 1743 (7 ਜਨਵਰੀ 1687 ਈ.) ਸ੍ਰੀ ਅਨੰਦਪੁਰ ਸਾਹਿਬ ।
ਪਿਤਾ : ਗੁਰੂ ਗੋਬਿੰਦ ਸਿੰਘ ਜੀ
ਮਾਤਾ : ਮਾਤਾ ਸੁੰਦਰੀ ਜੀ ।
ਸ਼ਹੀਦੀ : ੮ ਪੋਹ ਸੰਮਤ ੧੭੬੧ (੨੨ ਦਸੰਬਰ 1704 ਈ.)
ਸ਼ਹੀਦੀ ਸਥਾਨ : ਸ੍ਰੀ ਚਮਕੌਰ ਸਾਹਿਬ ਜ਼ਿਲ੍ਹਾ ਰੋਪੜ (ਪੰਜਾਬ)

**੨. ਸਾਹਿਬਜ਼ਾਦਾ ਜੁਝਾਰ ਸਿੰਘ ਜੀ :**

ਜਨਮ : ਸੰਮਤ ੧੭੪੭ (1690 ਈ.) ਸ੍ਰੀ ਅਨੰਦਪੁਰ ਸਾਹਿਬ ।
ਪਿਤਾ : ਗੁਰੂ ਗੋਬਿੰਦ ਸਿੰਘ ਜੀ
ਮਾਤਾ : ਮਾਤਾ ਜੀਤੋ ਜੀ ।
ਸ਼ਹੀਦੀ : ੮ ਪੋਹ ਸੰਮਤ ੧੭੬੧ (੨੨ ਦਸੰਬਰ ੧੭੦੪ ਈ.)
ਸ਼ਹੀਦੀ ਸਥਾਨ : ਸ੍ਰੀ ਚਮਕੌਰ ਸਾਹਿਬ ਜ਼ਿਲ੍ਹਾ ਰੋਪੜ (ਪੰਜਾਬ)

**੩. ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ :**

ਜਨਮ : ਸੰਮਤ ੧੭੫੩ (1696 ਈ.) ਸ੍ਰੀ ਅਨੰਦਪੁਰ ਸਾਹਿ ।
ਪਿਤਾ : ਗੁਰੂ ਗੋਬਿੰਦ ਸਿੰਘ ਜੀ
ਮਾਤਾ : ਮਾਤਾ ਜੀਤੋ ਜੀ ।
ਸ਼ਹੀਦੀ : ੧੩ ਪੋਹ ਸੰਮਤ ੧੭੬੧ (੨੭ ਦਸੰਬਰ ੧੭੦੪ ਈ.)
ਸ਼ਹੀਦੀ ਸਥਾਨ : ਸ੍ਰੀ ਫਤਿਹਗੜ੍ਹ ਸਾਹਿਬ ਸਰਹਿੰਦ (ਪੰਜਾਬ)

**੪. ਸਾਹਿਬਜ਼ਾਦਾ ਫਤਿਹ ਸਿੰਘ ਜੀ :**

ਜਨਮ : ਸੰਮਤ ੧੭੫੬ (1699 ਈ.) ਸ੍ਰੀ ਅਨੰਦਪੁਰ ਸਾਹਿਬ
ਪਿਤਾ : ਗੁਰੂ ਗੋਬਿੰਦ ਸਿੰਘ ਜੀ
ਮਾਤਾ : ਮਾਤਾ ਜੀਤੋ ਜੀ ।
ਸ਼ਹੀਦੀ : ੧੩ ਪੋਹ ਸੰਮਤ ੧੭੬੧ (੨੭ ਦਸੰਬਰ ੧੭੦੪ ਈ.)
ਸ਼ਹੀਦੀ ਸਥਾਨ : ਸ੍ਰੀ ਫਤਿਹਗੜ੍ਹ ਸਾਹਿਬ ਸਰਹਿੰਦ (ਪੰਜਾਬ)

# ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥

ਇਸ ਸੰਸਾਰ ਵਿੱਚ ਕੋਈ ਵੀ ਮਰਨਾ ਨਹੀਂ ਚਾਹੁੰਦਾ । ਹਰ ਮਨੁੱਖ ਮੌਤ ਤੋਂ ਬਚਨ ਲਈ ਪੂਰੇ ਯਤਨ ਕਰਦਾ ਹੈ । ਪਰ ਰਬ ਦੀ ਕੁਦਰਤ ਇਨੀ ਬਲਵਾਨ ਹੈ ਕਿ ਹਰ ਏਕ ਨੂੰ ਮੌਤ ਆ ਹੀ ਜਾਂਦੀ ਹੈ । ਮੌਤ ਦਾ ਡਰ ਹਰ ਮਨੁੱਖ ਦੇ ਅੰਦਰ ਹਰ ਵੇਲੇ ਬਣਿਆ ਰਹਿੰਦਾ ਹੈ।

ਸਿੱਖ ਅਤੇ ਸਿੱਖੀ ਦੀ ਘਾੜਤ ਇਸ ਨਿਯਮ ਤੋਂ ਉਪਰ ਉੱਠ ਕੇ ਕੀਤੀ ਗਈ ਹੈ । ਜਿਥੇ ਸੰਸਾਰ ਮੌਤ ਦੇ ਡਰ ਤੋਂ ਭਜਦਾ ਹੈ ਉੱਥੇ ਇੱਕ ਸੱਚਾ ਗੁਰਸਿੱਖ ਮੌਤ ਨੂੰ ਹਸ - ਹਸ ਕੇ ਗਲਵਕੜੀ ਪਾਉਂਦਾ ਹੈ ।

ਸੰਸਾਰ ਦੀ ਫਿਲਾਸਫੀ ਜਿਥੇ ਮੁਕਦੀ ਹੈ ਗੁਰਮਤਿ ਦੀ ਫਿਲਾਸਫੀ ਉੱਥੋਂ ਆਰੰਭ ਹੁੰਦੀ ਹੈ । ਸੰਸਾਰ ਲਈ ਮੌਤ ਅੰਤਿਮ ਪੜਾਅ ਹੈ ਪਰ ਸਿੱਖ ਲਈ ਜੀਵਨ ਮੁਕਤਿ ਹੋਣ ਲਈ ਇਥੋਂ ਅਰੰਭਤਾ ਹੈ ।

ਗੁਰੂ ਨਾਨਕ ਪਾਤਸ਼ਾਹ ਨੇ ਪਹਿਲੇ ਜਾਮੇ ਵਿੱਚ ਹੀ ਇਸ ਸਿਧਾਂਤ ਨੂੰ ਪ੍ਰਗਟ ਕਰ ਦਿੱਤਾ । ਉਨਾਂ ਦੇ ਪਵਿਤ੍ਰ ਬਚਨ ਹਨ-

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥**

**- ਸਲੋਕ ਵਾਰਾਂ ਤੇ ਵਧੀਕ (ਮਃ ੧) - ਅੰਗ ੧੪੧੨**

ਇਸ ਸਿਧਾਂਤ ਨੂੰ ਗੁਰੂ ਅਰਜੁਨ ਪਾਤਸ਼ਾਹ ਅਪਣੇ ਮੁਖਾਰਬਿੰਦ ਤੋਂ ਇਉਂ ਉਚਾਰਨ ਕਰਦੇ ਹਨ :

**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥**

**- ਮਾਰੂ ਵਾਰ:੨ (ਮਃ ੫) - ਅੰਗ ੧੧੦੨**

ਗੁਰੂ ਨਾਨਕ ਪਾਤਸ਼ਾਹ ਨੇ ਭਾਈ ਲਹਿਣਾ ਜੀ ਨੂੰ ਗੁਰੂਆਈ ਬਖਸ਼ਣ ਤੋਂ ਪਹਿਲਾਂ ਜੋ ਪ੍ਰਖਿਆਵਾ ਲਈਆਂ ਉਹ ਕੇਵਲ ਇਸ ਗਲ ਦੀਆਂ ਸੂਚਕ ਸਨ ਪ੍ਰੋੜਤਾ ਕਰਦੀਆਂ ਸਨ ਕਿ ਕੋਈ ਮਨ ਕਰਕੇ ਕਿਤਨਾ ਗੁਰੂ ਨੂੰ ਸਮਰਪਿਤ ਹੈ ਅਤੇ ਆਪਣਾ ਆਪਾ ਕੁਰਬਾਨ ਕਰਨ ਲਈ ਤੱਤਪਰ ਹੈ । ਸਰੀਰਕ ਮੌਤ ਤੋਂ ਪਹਿਲਾਂ ਮਰਣ ਲਈ ਹਰ ਸਮੇਂ ਤਿਆਰ ਰਹਿਣਾ ਇਹੀ ਹੈ ਸਿੱਖੀ ਦੀ ਘਾੜਤ ।

ਮੌਤ ਨੂੰ ਹਸ ਕੇ ਕਬੂਲ ਕਰਨਾ ਇਸਨੂੰ ਅਕਾਲ ਪੁਰਖ ਦਾ ਭਾਣਾ ਕਰਕੇ ਮਨਣਾ ਗੁਰੂ ਅਰਜੁਨ ਪਾਤਸ਼ਾਹ ਨੇ ਪ੍ਰੈਕਟੀਕਲ ਕਰਕੇ ਵਿਖਾ ਦਿੱਤਾ ਅਤੇ ਇਹ ਸਿੱਧ ਕਰ ਦਿੱਤਾ ਕਿ ਬਾਣੀ ਵਿੱਚ ਅੰਕਿਤ ਫੁਰਮਾਨ : **ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥੪॥ ਸੂਹੀ (ਮਃ ੪) – ਅੰਗ ੭੫੭** ਨੂੰ ਇਸ ਸਿੱਖੀ ਦੀ ਘਾੜਤ ਵਿੱਚ ਕਿਵੇਂ ਜੀਵਿਆ ਜਾ ਸਕਦਾ ਹੈ । ਬਸ ਸਿੱਖ ਦੀ ਜੀਵਨ-ਘਾੜਤ ਘੜਦਿਆਂ ਸਿੱਖ ਨੂੰ ਇਸ ਯੋਗ ਬਣਾਇਆ ਕਿ ਉਸ ਦੇ ਅੰਦਰੋਂ ਮੌਤ ਦਾ ਡਰ ਭੱਜ ਜਾਵੇ ਅਤੇ ਉਹ ਸੱਚ ਦਾ ਜੀਵਨ ਜੀਉਂਦਿਆਂ ਅਪਣੇ ਆਪ ਨੂੰ ਕੁਰਬਾਨ ਕਰ ਦੇਵੇ ।

ਜਦੋਂ ਅਸੀ ਗੁਰੂ ਤੇਗ ਬਹਾਦੁਰ ਪਾਤਸ਼ਾਹ ਜੀ ਦੀ ਸ਼ਹਾਦਤ ਵਲ ਝਾਤ ਮਾਰਦੇ ਹਾਂ ਤਾਂ ਸਾਨੂੰ ਇੱਕ ਗਲ ਬੜੇ ਨਿਖਾਰ ਨਾਲ ਸਾਹਮਣੇ ਆਉਂਦੀ ਹੈ ਕਿ ਸਿੱਖ ਅਤੇ ਗੁਰੂ ਦੇ ਜੀਵਨ ਦੀ ਦ੍ਰਿੜਤਾ ਦਾ ਸਤੱਰ ਬਰਾਬਰ ਹੈ । ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਇਆਲਾ ਜੀ ਦੀ ਸ਼ਹਾਦਤ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਤੋਂ ਪਹਿਲਾਂ ਹੁੰਦੀ ਹੈ । ਗੁਰੂ ਵੇਖ ਰਿਹਾ ਹੈ ਕਿ ਸਿੱਖ ਕਿਸ ਦ੍ਰਿੜਤਾ ਨਾਲ ਜੁਲਮ ਦਾ ਟਾਕਰਾ ਕਰ ਰਹੇ ਹਨ ਅਤੇ ਗੁਰੂ ਦੇ ਭਾਣੇ ਵਿੱਚ ਰਹਿੰਦੇ ਸ਼ਹੀਦੀ ਪਾ ਰਹੇ ਹਾਂ ।

ਇਥੇ ਇੱਕ ਗਲ ਸਪਸ਼ਟ ਕਰਦੇ ਹਾਂ ਕਿ ਹਕੂਮਤ ਨੇ ਗੁਰੂ ਸਾਹਿਬ ਨੂੰ ਕਿਸੇ ਮਜਲੂਮ ਦੀ ਬਾਂਹ ਫੜਨ ਤੋਂ ਰੋਕਣ ਲਈ ਪੂਰਾ ਜ਼ੋਰ ਲਾ ਦਿੱਤਾ । ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਹਰ ਹੀਲਾ ਵਰਤਿਆ । ਪਰ ਕਾਮਯਾਬ ਨ ਹੋਏ । ਉਨ੍ਹਾਂ ਨੂੰ ਇਹ ਯਕੀਨ ਸੀ ਅਗਰ ਗੁਰੂ ਜੀ ਇਸਲਾਮ ਧਰਮ ਨੂੰ ਅਪਨਾਉਂਦੇ ਹਨ ਤਾਂ ਸਾਰੇ ਹਿੰਦੂ ਸਮਾਜ ਨੂੰ ਮੁਸਲਮਾਨ ਕਰਨਾ ਕੋਈ ਔਖੀ ਗਲ ਨਹੀਂ । ਗੁਰੂ ਸਾਹਿਬ ਨੂੰ ਤਰਾਂ-ਤਰਾਂ ਦੇ ਤਸੀਹੇ ਦੇ ਕੇ ਸ਼ਹੀਦ ਕਰਨ ਦਾ ਡਰ ਭੀ ਦਿੱਤਾ ਗਿਆ ।

ਗੁਰੂ ਸਾਹਿਬ ਨੇ ਅਡੋਲ ਰਹਿ ਕੇ ਬਚਨ ਕੀਤਾ ਕਿ ਤੁਸੀ ਮੇਰੀ ਸੱਚ/ਸਿਧਾਂਤ ਦੀ ਦ੍ਰਿੜਤਾ ਦੀ ਪਰਖ ਕਰਨੀ ਹੈ ਤਾਂ ਮੇਰੇ ਨਾਲ ਆਏ 3 ਗੁਰਸਿੱਖਾਂ ਵਿਚੋਂ ਕਿਸੇ ਇੱਕ ਨੂੰ ਸ਼ਹੀਦ ਕਰਕੇ ਵੇਖ ਲਵੋ । ਅਗਰ ਤੁਸੀ ਕਿਸੇ ਗੁਰਸਿੱਖ ਨੂੰ ਅਪਣੇ ਅੰਦਰ ਤੋਂ ਡੋਲਦਾ ਵੇਖੋ ਤਾਂ ਮੈਂ ਅਪਣੇ ਆਪ ਤੁਹਾਡੀ ਗਲ ਮਨ ਲਵਾਂਗਾ ।

ਇਥੇ ਇੱਹ ਗਲ ਸਮਝ ਲੈਣੀ ਚਾਹੀਦੀ ਹੈ ਕਿ ਗੁਰੂ ਨੂੰ ਅਪਣੇ ਗੁਰਸਿੱਖਾਂ ਦੀ ਦ੍ਰਿੜਤਾ ਤੇ ਕਿਨਾਂ ਭਰੋਸਾ ਸੀ । ਅੱਜ ਅਸੀ ਅਪਣੇ ਅੰਦਰ ਝਾਤ ਮਾਰੀਏ ਤੇ ਅਪਣੀ ਪਰਖ ਕਰੀਏ ਅਸੀ ਗੁਰੂ ਦੇ ਉਸ ਭਰੋਸੇ ਤੇ ਪੂਰੇ ਉੱਤਰਦੇ ਹਾਂ ।

ਗੁਰੂ ਸਾਹਿਬ ਜੀ ਦੇ ਸਾਹਮਣੇ ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲ ਕੇ, ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਅਤੇ ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਵਲੇਟ ਕੇ ਅੱਗ ਲਾ ਕੇ ਸ਼ਹੀਦ ਕਰ ਦਿੱਤਾ ਗਿਆ । ਸਿੱਖ ਵੀ ਅਡੋਲ ਰਹੇ

ਅਤੇ ਗੁਰੂ ਵੀ ਅਡੋਲ ਰਿਹਾ ਇਹੋ ਹੀ ਹੈ ਸਿੱਖੀ ਦੀ ਘਾੜਤ ।

**ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥**

**ਤੁਖਾਰੀ (ਮ: ੪) – ਅੰਗ ੧੧੧੪**

ਇਥੇ ਇੱਕ ਗੱਲ ਹੋਰ ਸਪਸ਼ਟ ਕਰ ਦਈਏ ਕਿ ਗੁਰੂ ਅਰਜੁਨ ਪਾਤਸ਼ਾਹ ਦੀ ਸ਼ਹਾਦਤ ਸਮੇਂ ਗੁਰੂ ਸ਼ਹੀਦ ਹੋ ਰਿਹਾ ਸੀ । ਆਮ ਜਨਤਾ ਅਤੇ ਸਿੱਖ ਵੇਖ ਰਹੇ ਸਨ ਪਰ ਅੱਜ ਗੁਰੂ ਦੀ ਸ਼ਹਾਦਤ ਤੋਂ ਪਹਿਲੇ ਸਿੱਖ ਸ਼ਹੀਦ ਹੋ ਰਹੇ ਹਨ ਅਤੇ ਗੁਰੂ ਸਾਹਮਣੇ ਦੇਖ ਰਿਹਾ ਹੈ । ਧੰਨ ਹੋ ਗੁਰੂ ਅਤੇ ਧੰਨ ਹਨ ਗੁਰੂ ਕੇ ਸਿੱਖ ।

ਫਿਰ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੂੰ ਚਾਂਦਨੀ ਚੌਕ ਵਿਖੇ ਸ਼ਹੀਦ ਕਰ ਦਿੱਤਾ ਗਿਆ । ਇਹ ਇਤਿਹਾਸ ਦੀ ਇੱਕ ਅਨੋਖੀ ਨਵੇਕਲੀ ਹੀ ਘਟਨਾ ਹੈ ਜਿਸਨੂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਇਨਾਂ ਸ਼ਬਦਾਂ ਵਿਚ ਅੰਕਿਤ ਕੀਤਾ ਹੈ ।

ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥

ਆਓ ਗੁਰੂ ਅਤੇ ਸਿੱਖਾਂ ਦੁਆਰਾ ਸਿਧਾਂਤਾ ਅਤੇ ਸੱਚ ਦਾ ਜੀਵਨ ਜੀਉਂਦਿਆਂ ਪਾਏ ਪੂਰਨਿਆਂ ਦੁਆਰਾ ਅਪਣੇ ਜੀਵਨ ਦੀ ਘਾੜਤ ਘੜੀਏ ।

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਹਿ ॥

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ (ਵਿਜੈ-ਪੱਤ੍ਰ) ਜ਼ਫਰਨਾਮਾ

**ਡਾ. ਕੁਲਦੀਪ ਸਿੰਘ ਧੀਰ**

ਸੰਕਟ-ਗ੍ਰਸੀ ਮਨੁਖਤਾ ਨੂੰ ਹਰ ਘੜੀ ਚੜ੍ਹਦੀ ਕਲਾ ਦਾ ਸੰਦੇਸ਼ ਦੇਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਉਮਰ ਜਬਰ ਜ਼ੁਲਮ ਤੇ ਹੈਂਕੜਸ਼ਾਹੀ ਨਾਲ ਦਲੇਰੀ ਭਰੇ ਸੰਗਰਾਮ ਲੜਣ ਵਿੱਚ ਬੀਤੀ । ਇਸ ਦੌਰਾਨ ਉਨ੍ਹਾਂ ਆਪਣੇ ਮਾਤਾ ਪਿਤਾ ਦੀ ਸ਼ਹਾਦਤ ਨੂੰ ਵੀ ਖਿੜੇ ਮੱਥੇ ਸਵੀਕਾਰ ਕੀਤਾ ਅਤੇ ਚਾਰੇ ਲਾਲਾਂ ਨੂੰ ਵੀ ਹੱਥੀਂ ਗਾਨੇ ਬੰਨ੍ਹ ਕੇ ਮੌਤ ਲਾੜੀ ਨੂੰ ਪਰਨਾਉਣ ਲਈ ਤੋਰਿਆ । ਜਾਬਰ ਮੁਗਲ ਸਾਮਰਾਜ ਨਾਲ ਲੋਹਾ ਲੈ ਕੇ ਗੁਰੂ ਮਹਾਰਾਜ ਨੇ ਪੰਜਾਬ ਹੀ ਨਹੀਂ ਸਮੁਚੇ ਭਾਰਤ ਦਾ ਇਤਿਹਾਸ ਬਦਲ ਕੇ ਰੱਖ ਦਿੱਤਾ ।

ਜਬਰ, ਜੁਲਮ ਵਿਰੁੱਧ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਾਂਤਮਈ ਟੱਕਰ ਉਪਰੰਤ, ਦਸਮ ਪਾਤਸ਼ਾਹ ਨੇ ਜ਼ਾਲਮਾਂ ਨੂੰ ਸੋਧਣ ਲਈ ਰਣਜੀਤ ਨਗਾਰੇ ਤੇ ਚੋਟ ਮਾਰੀ ਤੇ ਹੱਥ ਵਿੱਚ ਸ਼ਮਸ਼ੀਰ ਫੜਣ ਦਾ ਰਾਹ ਕੌਮ ਨੂੰ ਦੱਸਿਆ । ਲੋਕ ਵਿਰੋਧੀ ਸ਼ਕਤੀਆਂ, ਚਾਹੇ ਉਹ ਪਹਾੜੀ ਰਾਜ਼ੇ ਸਨ ਤੇ ਚਾਹੇ ਮੁਗਲ, ਉਹ ਇਕਮੁੱਠ ਹੋ ਕੇ ਗੁਰੂ ਸਾਹਿਬ ਵਿਰੁੱਧ ਲਾਮਬੰਦ ਹੋ ਗਏ । ਇਸ ਕੰਮ ਵਿੱਚ ਪਹਿਲ ਪਹਾੜੀ ਰਾਜਿਆਂ ਨੇ ਹੀ ਕੀਤੀ । 1700

ਤੋਂ 1704 ਤੱਕ ਆਨੰਦਪੁਰ ਸਾਹਿਬ ਉਪਰ ਪੰਜ ਵਾਰ ਉਨ੍ਹਾਂ ਹੱਲੇ ਕੀਤੇ ਪਰ ਹਰ ਵਾਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਹਾਰ ਕੇ ਉਹ ਔਰੰਗਜ਼ੇਬ ਕੋਲ ਪਿੱਟੇ। ਝੂਠੀਆਂ ਸੱਚੀਆਂ ਲੂਤੀਆਂ ਲਾ ਕੇ ਉਨ੍ਹਾਂ ਔਰੰਗਜ਼ੇਬ ਤੇ ਉਹਦੇ ਮੁਗਲ ਸੂਬੇਦਾਰਾਂ ਦੀ ਮਦਦ ਲੈ ਕੇ ਖਾਲਸੇ ਨਾਲ ਫੈਸਲਾ-ਕੁਨ ਟੱਕਰ ਲੈਣ ਦਾ ਮਨ ਬਣਾਇਆ। ਮੁਗਲਾਂ ਤੇ ਪਹਾੜੀ ਰਾਜਿਆਂ ਦੇ ਸਾਂਝੇ ਲਸ਼ਕਰ ਨੇ ਆਨੰਦਗੜ੍ਹ ਦੇ ਕਿਲ੍ਹੇ ਨੂੰ ਬੁਰੀ ਤਰ੍ਹਾਂ ਘੇਰ ਲਿਆ। ਕਿਲ੍ਹੇ ਵਿੱਚ ਰਾਸ਼ਨ ਪਾਣੀ ਪਹੁੰਚਣ ਦੇ ਸਾਧਨ ਵੀ ਬੰਦ ਕਰ ਦਿੱਤੇ। ਸਿੰਘ ਰੁੱਖਾਂ ਦੇ ਪੋਤਿਆਂ ਤੇ ਛਿਲੜਾਂ ਤੇ ਗੁਜਾਰਾ ਕਰ ਕੇ ਵੀ ਸਿਦਕ ਤੋਂ ਨਾ ਹਾਰੇ। ਮਹੀਨਿਆਂ ਬੱਧੀ ਘੇਰਾ ਪਿਆ ਰਿਹਾ। ਮੁਗਲਾਂ ਤੇ ਪਹਾੜੀ ਰਾਜਿਆਂ ਨੇ ਕੁਰਾਨ, ਗਊ ਤੇ ਗੀਤਾ ਦੀਆਂ ਝੂਠੀਆਂ ਕਸਮਾਂ ਖਾ ਕੇ ਗੁਰੂ ਸਾਹਿਬ ਨੂੰ ਤਰਲਾ ਕੀਤਾ ਕਿ ਉਹ ਘੇਰਾ ਪਾਈ ਬੈਠੇ ਲਸ਼ਕਰ ਦੀ ਮੂੰਹ ਰੱਖਣੀ ਖਾਤਰ ਇੱਕ ਵਾਰ ਕਿਲ੍ਹਾ ਛੱਡ ਜਾਣ, ਕੋਈ ਉਨ੍ਹਾਂ ਨੰ ਕੁਝ ਨਹੀਂ ਕਹੇਗਾ। ਗੁਰੂ ਮਹਾਰਾਜ ਇਸ ਚਾਲ ਨੂੰ ਤੇ ਝੂਠੀਆਂ ਕਸਮਾਂ ਨੂੰ ਜਾਣਦੇ ਸਨ। ਉਨ੍ਹਾਂ ਕੂੜ ਕਬਾੜ ਤੇ ਨਿੱਕ ਸੁੱਕ ਭਰੇ ਗੱਡਿਆਂ, ਰੱਥਾਂ ਨੂੰ ਸਜਾ ਬਣਾ ਕੇ ਕਿਲ੍ਹੇ ਤੋਂ ਬਾਹਰ ਭੇਜ ਕੇ ਸਿੰਘਾਂ ਨੂੰ ਇਨ੍ਹਾਂ ਝੂਠੇ ਤੇ ਦੰਭੀ ਲੋਕਾਂ ਦੀਆਂ ਚਾਲਾਂ ਤੋ ਸੁਚੇਤ ਕਰਵਾਇਆ। ਕਿਲ੍ਹੇ ਤੋਂ ਬਾਹਰ ਨਿਕਲਦਿਆਂ ਹੀ ਮੁਗਲ ਤੇ ਪਹਾੜੀ ਲਸ਼ਕਰ ਸਿੰਘਾਂ ਤੇ ਟੁੱਟ ਕੇ ਪੈ ਗਿਆ। ਜਦੋਂ ਉਨ੍ਹਾਂ ਹੱਥ ਕੂੜ ਕਬਾੜ ਕੇ ਸਿਵਾ ਕੁਝ ਨਾ ਲੱਗਾ ਤਾਂ ਉਹ ਛਿੱਥੇ ਵੀ ਪਏ ਤੇ ਆਪਣੀ ਕਾਹਲ ਤੇ ਪਛਤਾਏ ਵੀ ਬਹੁਤ। ਨਵੇਂ ਸਿਰਿਉਂ ਕੁਰਾਨ ਤੇ ਆਟੇ ਦੀ ਗਊ ਦੀਆਂ ਕਸਮਾਂ ਖਾ ਖਾ ਉਨ੍ਹਾਂ ਫਿਰ ਤਰਲੇ ਕੀਤੇ। ਸਭ ਕੁਝ ਜਾਣਨਹਾਰ ਗੁਰੂ ਨੇ ਸੰਕਟ ਨਾਲ ਟੱਕਰ ਲੈਣ ਸਮੇਂ ਅਪਣਾਈ ਜਾਣ ਵਾਲੀ ਦ੍ਰਿੜਤਾ, ਸਵੈ-ਵਿਸ਼ਵਾਸ਼, ਹੌਂਸਲੇ ਤੇ ਕੁਰਬਾਨੀ ਦਾ ਪਾਠ ਪੜ੍ਹਾਣ ਲਈ ਕਿਲ੍ਹਾ ਖਾਲੀ ਕਰ ਦਿੱਤਾ। ਮੁੱਠੀ ਭਰ ਸਿੰਘਾਂ ਨਾਲ ਗੁਰੂ ਸਾਹਿਬ ਤੇ ਉਨ੍ਹਾਂ ਦਾ ਪਰਿਵਾਰ ਜੰਗਲਾਂ ਤੇ ਪਹਾੜਾਂ ਦੇ ਬਿਖੜੇ ਤੇ ਭਿਆਨਕ ਰਾਹਾਂ ਤੇ ਨਿਕਲ ਤੁਰਿਆ। ਇੱਕ ਪਾਸੇ ਝੂਠੀਆਂ ਕਸਮਾਂ ਖਾਣ ਵਾਲਾ ਲੱਖਾਂ ਦਾ ਲਸ਼ਕਰ, ਕਕਰਾਲੀ ਕਾਲੀ ਘੁੱਪ ਹਨੇਰੀ ਰਾਤ, ਉਚੇ ਨੀਵੇਂ ਪਹਾੜੀ ਰਾਹ, ਸ਼ੂਕਦੀ ਸਰਸਾ ਨਦੀ ਤੇ ਦੂਜੇ ਪਾਸੇ ਮੁੱਠੀ ਭਰ ਸਿੰਘ, ਇਸਤਰੀਆਂ ਤੇ ਮਾਸੂਮ ਬੱਚੇ। ਨੇਕੀ ਤੇ ਬਦੀ ਦੀ ਇਹੋ ਜਹੀ ਟੱਚਰ ਇਤਿਹਾਸ ਵਿੱਚ ਕਦੇ ਕਿਸੇ ਡਿੱਠੀ ਸੂਣੀ ਹੀ ਨਹੀਂ ਸੀ।

ਗੁਰੂ ਸਾਹਿਬ ਦਾ ਸਾਰਾ ਪਰਿਵਾਰ ਵਿਛੜ ਗਿਆ। ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਗੰਗੂ ਬ੍ਰਾਹਮਣ ਸਰਹੰਦ ਲੈ ਗਿਆ ਜਿਥੇ ਉਨ੍ਹਾਂ ਨੂੰ ਗੈਰ-ਇਨਸਾਨੀ ਤਰੀਕੇ ਨਾਲ ਸ਼ਹੀਦ ਕਰ ਦਿੱਤਾ ਗਿਆ। ਵੱਡੇ ਸਾਹਿਬਜ਼ਾਦੇ ਤੇ ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਜਾ ਪੁੱਜੇ। ਵੱਡੇ ਸਾਹਿਬਜ਼ਾਦੇ ਉੱਥੇ ਸ਼ਹੀਦ ਹੋ ਗਏ। ਖਾਲਸੇ ਦੀ ਬੇਨਤੀ ਤੇ ਗੁਰੂ

ਮਹਾਰਾਜ ਚਮਕੌਰ ਦੀ ਗੜ੍ਹੀ ਵੀ ਛੱਡ ਤੁਰੇ । ਸਿਆਲੇ ਦੀਆਂ ਠੰਢੀਆਂ ਰਾਤਾਂ, ਪਾਟੇ ਬਸਤਰ, ਨੰਗੇ ਪੈਰ, ਸੂਲਾਂ ਨਾਲ ਅੱਟੇ ਸਾਛੀਵਾੜੇ ਦੇ ਜੰਗਲ, ਉੱਤੇ ਨੀਤਾ ਅਸਮਾਨ ਜਾਂ ਕਾਲੇ ਬੱਦਲ ਅਤੇ ਹੇਠਾਂ ਮਿੱਟੀ ਦਾ ਬਿਸਤਰ ਤੇ ਜਾਂ ਇੱਟ ਦਾ ਸਿਰਹਾਣਾ । ਮਗਰ ਕੁਤਿਆਂ ਵਾਂਗ ਹਰਲ ਹਰਲ ਕਰਦੇ ਸਰਕਾਰੀ ਸੂਹੀਏ । ਗੁਰੂ ਸਾਹਿਬ ਇਸੇ ਹਾਲਤ ਵਿੱਚ ਦੀਨੇ ਕਾਂਗੜ ਵਿੱਚ ਪਹੁੰਚ ਗਏ ।

ਦੀਨਾਂ ਤੇ ਕਾਂਗੜ ਉਂਜ ਭਾਵੇ ਦੇ ਜੁੜਵੇ ਪਿੰਡ ਹਨ, ਪਰ ਆਮ ਕਰ ਕੇ ਇੱਕੋ ਕਰ ਤੇ ਜਾਣੇ ਜਾਂਦੇ ਹਨ । ਇਸ ਇਤਿਹਾਸਕ ਸਥਾਨ ਤੇ ਹੀ ਗੁਰੂ ਸਾਹਿਬ ਨੂੰ ਔਰੰਗਜ਼ੇਬ ਦਾ ਸੁਲਾਹ ਕਰਨ ਲਈ ਇੱਕ ਸੁਨੇਹਾ ਤੇ ਖ਼ਤ ਮਿਲਿਆ । ਇਸ ਪੇਸ਼ਕਸ਼ ਦੇ ਉੱਤਰ ਵਿੱਚ ਗੁਰੂ ਮਹਾਰਾਜ ਨੇ ਔਰੰਗਜ਼ੇਬ ਨੂੰ ਜੋ ਪੱਤਰ ਲਿਖਿਆ ਉਹ ਜ਼ਫਰਨਾਮਾ ਦੇ ਨਾਂ ਨਾਲ ਪ੍ਰਸਿੱਧ ਹੈ । ਇਸ ਪੱਤਰ ਵਿੱਚ ਉਨ੍ਹਾਂ ਨੇ ਔਰੰਗਜ਼ੇਬ ਦੇ ਪੱਤਰ ਤੇ ਪੇਸ਼ਕਸ਼ ਵੱਲ ਸੰਕੇਤ ਇਨ੍ਹਾਂ ਸ਼ਬਦਾਂ ਵਿੱਚ ਕੀਤਾ ਹੈ :-

ਨਵਿਸ਼ਤਹ ਰਸੀਦੋ ਬਗੁਫ਼ਤਾ ਜ਼ਬਾਂ । ਬਬਾਯਦ ਕਿ ਈਂ ਕਾਰ ਰਾਹਤ ਰਸਾਂ ।

ਭਾਵ, ਇਹ ਕਿ ਤੇਰਾ ਭੇਜਿਆ ਸੁਨੇਹਾ ਤੇ ਖਤ ਦੋਵੇਂ ਮਿਲ ਗਏ ਨੇ । ਚੰਗਾ ਹੋਵੇ ਕਿ ਤੂੰ ਇਹ ਕੰਮ ਸਿਰੇ ਚਾੜ੍ਹੇ ।

ਉਪਰੋਕਤ ਸੰਕੇਤ ਦੇ ਨਾਲ ਹੀ ਉਨ੍ਹਾਂ ਔਰੰਗਜ਼ੇਬ ਨੂੰ ਇਹ ਵੀ ਕਿਹਾ ਕਿ ਮਰਦ ਉਹੀ ਹੁੰਦਾ ਹੈ ਜੋ ਕੌਲ ਕਰਾਰ ਤੇ ਕੀਤੇ ਬਚਨਾਂ ਦਾ ਪੱਕਾ ਹੋਵੇ । ਜੋ ਦਿਲ ਵਿੱਚ ਹੋਵੇ ਉਹੀ ਮੂੰਹ ਤੋਂ ਕਹੇ:-

ਹਮੂੰ ਮਰਦ ਬਯਾਦ ਸਵਦ ਸੁਖਨਵਰ । ਨਾ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ।

ਗੁਰੂ ਸਾਹਿਬ ਨ ਉਸ ਨੂੰ ਲਿਖਿਆ ਕਿ ਜੋ ਗੱਲਾਂ ਮੈਨੂੰ ਤੇਰੇ ਕਾਜ਼ੀ ਨੇ ਕਹੀਆਂ ਹਨ, ਉਹ ਤਾਂ ਠੀਕ ਹਨ । ਪਰ ਜੇ ਤੂੰ ਸੱਚਾ ਹੈ ਤਾਂ ਆਪ ਮੇਰੇ ਕੋਲ ਆ :-

ਕਿ ਕਾਜ਼ੀ ਮਰਾ ਗੁਫ਼ਤ ਬੇਰੂੰ ਨਯਮ ਅਗਰ ਰਾਸਤੀ ਖੁਦ ਬਯਾਰੀ ਕਦਮ ।

ਇਹੋ ਜਹੇ ਅਜਿਤ ਮਨ ਦੇ ਨਿਡਰ ਬੋਲ ਫਾਰਸੀ ਜ਼ਬਾਨ ਦੇ 1400 ਖੂਬਸੂਰਤ ਸ਼ਿਅਰਾਂ ਵਿੱਚ ਦਰਜ ਹੋਣ ਦੀ ਗਵਾਹੀ ਭਾਈ ਕੇਸਰ ਸਿੰਘ ਛਿੱਬਰ ਨੇ ਆਪਣੇ ਗ੍ਰੰਥ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿੱਚ ਦਰਜ਼ ਕੀਤੀ ਹੈ । ਇਹ ਵੱਡਾ ਪੱਤਰ ਇੱਕ ਗ੍ਰੰਥ ਰੂਪ ਬਣ ਗਿਆ । ਗੁਰੂ ਸਾਹਿਬ ਨੇ ਕਿਹਾ ਕਿ ਇਸ ਨੂੰ ਕੋਈ ਸਿਖ ਸੀਸ ਤਲੀ ਤੇ ਧਰ ਔਰੰਗਜ਼ੇਬ ਕੋਲ ਦੱਖਣ ਵਿੱਚ ਪੁਚਾਣ ਲਈ ਅੱਗੇ ਆਓ । ਇਹ ਕੰਮ ਭਾਈ ਦਇਆ ਸਿੰਘ ਨੇ ਆਪਣੇ ਸਿਰ ਲਿਆ । ਗ੍ਰੰਥ ਨੂੰ ਕੁਰਾਨ ਵਾਂਗ ਸਿਰ ਤੇ ਸਜਾ ਉਹ

ਔਰੰਗਜ਼ੇਬ ਕੋਲ ਲੈ ਗਿਆ। ਔਰੰਗਜ਼ੇਬ ਜਾ ਕੇ ਉਸ ਨੇ ਬਾਦਸ਼ਾਹ ਦੇ ਚੋਬਦਾਰਾਂ ਨੂੰ ਕਿਹਾ ਕਿ ਮੈਂ ਮੱਕੇ ਤੋਂ ਕੁਰਾਨ ਸ਼ਰੀਫ ਖਾਸ ਸ਼ਾਹ ਲਈ ਲਿਆਂਦਾ ਹੈ। ਬਾਦਸ਼ਾਹ ਨੇ ਇਸ ਨੂੰ ਚੁੰਮ ਚੱਟ ਕੇ ਖੋਲ੍ਹਿਆ ਤਾਂ ਅਸਲੀ ਗੱਲ ਦੇਖ ਕੇ ਉਹਦੇ ਮੂੰਹ ਤੇ ਜ਼ਰਦੀ ਫਿਰ ਗਈ। ਭਾਈ ਕੇਸਰ ਸਿੰਘ ਹੋਰੀਂ ਇਸ ਸਾਰੀ ਕਥਾ ਨੂੰ ਇਉਂ ਲਿਖਦੇ ਹਨ :-

ਉਥੋਂ ਸਾਹਿਬ ਕਾਂਗੜ ਨੂੰ ਗਏ। ਬੈਂਤ ਚਉਦਰ ਸੈ ਉਚਰਤੇ ਭਏ।
ਬਚਨ ਕੀਤਾ ਜੇ ਕੋਈ ਸੀਸ ਦੇਵੈ ਸਿਖ ਅਉਰੰਗੇ ਪਾਸ ਲੈ ਜਾਇ।
ਦਇਆ ਸਿੰਘ ਸੋਭਤੀ ਮੁਨਸੀ ਹਥਿ ਜੋੜ ਖੜੇਤਾ ਆਏ।
ਬਚਨ ਕੀਤਾ ਅਦਬ ਨਾਲ ਪੋਥੀ ਅਉਰੰਗੇ ਦੇ ਹਥ ਦੇਣੀ।
ਤਿਨ ਕਹਿਆ ਜੀ ਤੇਰੇ ਬਲੁ ਕਰਿ ਉਸ ਹੈ ਲੈਣੀ।

.. .. .. .. ..

ਸੋ ਲੈ ਕੇ ਦਇਆ ਸਿੰਘ ਉੱਥੇ ਗਇਆ।
ਨਾਉਂ ਕੁਰਾਨ ਧਰਿ ਸਿਰ ਤੇ ਰਖਿ ਲਇਆ।
ਨੀਲੇ ਕਪੜੇ ਪਾਏ ਬਣ ਗਇਆ ਮੱਕੇ ਦਾ ਹਾਜੀ।
ਹੈਸੀ ਮੁਨਸੀ ਪੜ੍ਹਿਆ ਹੋਇਆ
ਜੁਬਾਬ ਸੁਆਲ ਨਿਸੰਗ ਕਰੇ ਸੰਗ ਮੁਫਤੀ ਮੁੱਲਾ ਕਾਜ਼ੀ।
ਅਉਰੰਗਾਬਾਦ ਜਾਈ ਪਹੁੰਤਾ ਆਉਰੰਗੇ ਪਾਸ।
ਕਹਿਆ ਖਬਰ ਕਰੋ ਮਕੇ ਸਰੀਫ਼ ਥੀ
ਮੈਂ ਕੁਰਾਨ ਹੈ ਆਂਦਾ ਖਾਤਰ ਤਾਸ।

.. .. .. .. ..

ਜਦ ਖੋਲ ਕੇ ਡਿਠਾ ਤਬ ਮੁਖ ਪਰ ਜਰਦੀ ਵਰਤ ਗਈ।

.. .. .. ..

ਪੜ੍ਹਦਾ ਪੜ੍ਹਦਾ ਵਿਚੇ ਮਰ ਗਇਆ।
ਮੁਹੁ ਬੋਲਣ ਜੋਗਾ ਮੂਲ ਨਾ ਰਹਿਆ।

ਜ਼ਫਰਨਾਮੇ ਦੇ ਇਹ 1400 ਸ਼ਿਅਰ ਸੰਪੂਰਨ ਰੂਪ ਵਿੱਚ ਤਾਂ ਅਜੇ ਤੱਕ ਨਹੀਂ ਮਿਲੇ, ਪਰ ਇਤਿਹਾਸਕਾਰਾਂ ਨੂੰ ਇਨ੍ਹਾਂ ਵਿਚੋਂ 100 ਤੋਂ ਵੱਧ ਜੋ ਸ਼ਿਅਰ ਮਿਲੇ ਹਨ, ਉਹ ਸਾਨੂੰ ਇਸ ਰਚਨਾ ਦੀ ਸੁਰ ਤੇ ਅੰਦਾਜ਼ ਬਾਰੇ ਕਾਫੀ ਕੁਝ ਦਸ ਦਿੰਦੇ ਹਨ।

ਜ਼ਫਰਨਾਮੇ ਦੇ ਜੋ ਸ਼ਿਅਰ ਸਾਨੂੰ ਅੱਜ ਮਿਲਦੇ ਹਨ, ਇਹ ਬਨਾਰਸ ਦੇ ਪੰਡਤ

ਜਗਨ ਨਾਥ ਨੇ 1890 ਵਿੱਚ ਗੁਰਦਵਾਰਾ ਪਟਨਾ ਸਾਹਿਬ ਦੇ ਗ੍ਰੰਥੀ ਭਾਈ ਸੁਮੇਰ ਸਿੰਘ ਤੋਂ ਨੋਟ ਕੀਤੇ ਸਨ । ਉਸ ਨੇ ਇਹ ਸ਼ਿਅਰ ਮਥਰਾ ਦੇ ਕੁਲੈਕਟਰ ਪੰਡਤ ਰਾਜ ਬਲਭ ਮਿਸ਼ਰ ਨੂੰ ਦਿੱਤੇ ਤੇ ਉਸ ਨੇ ਅੱਗੋਂ ਅੰਮ੍ਰਿਤਸਰ ਆਪਣੇ ਮਿਤਰ ਅਸਰਾਓ ਸਿੰਘ ਮਜੀਠਾ ਨੂੰ ਭੇਜ ਦਿੱਤੇ । ਉਨ੍ਹਾਂ ਇਸ ਨੂੰ ਉਥੋਂ ਖਾਲਸਾ ਕਾਲਜ ਦੀ ਲਾਇਬ੍ਰੇਰੀ ਨੂੰ ਸੌਂਪ ਦਿੱਤਾ । ਅਜੋਕੇ ਪ੍ਰਕਾਸ਼ਨ ਇਸੇ ਨੁਸਖੇ ਤੇ ਹੀ ਆਧਾਰਤ ਹਨ ।

ਜ਼ਫਰਨਾਮਾ ਦਾ ਸ਼ਾਬਦਿਕ ਅਰਥ ਹੈ ਵਿਜੈ ਪੱਤਰ । ਫਤਹਿ ਦੀ ਚਿਠੀ । ਇਹ ਗੁਰੂ ਸਾਹਿਬ ਦੇ ਬੁਲੰਦ ਹੌਸਲੇ, ਨਿਡਰਤਾ, ਸ੍ਵੈਮਾਨ, ਅਣਖ ਤੇ ਦ੍ਰਿੜਤਾ ਦਾ ਪ੍ਰਤੱਖ ਪ੍ਰਮਾਣ ਹੈ । ਕਹਿੰਦੇ ਹਨ ਤੈਮੂਰ ਨੇ ਆਪਣੇ ਜੀਵਨ ਵਿੱਚ ਜਿੰਨੀਆਂ ਵੀ ਜੰਗਾਂ ਲੜੀਆਂ ਉਨ੍ਹਾਂ ਵਿਚੋਂ ਕਿਸੇ ਵਿੱਚ ਵੀ ਹਾਰ ਦਾ ਮੂੰਹ ਨਹੀਂ ਸੀ ਵੇਖਿਆ । ਉਸ ਦਾ ਜੋ ਹਾਲ ਸ਼ਰਫ ਅਲੀ ਯਜ਼ਦੀ ਨੇ ਲਿਖਿਆ ਉਸ ਦਾ ਨਾਮ ਵੀ ਉਸ ਨੇ ਜ਼ਫਰਨਾਮਾ ਹੀ ਰੱਖਿਆ ਸੀ । ਪਰ ਉਸ ਜ਼ਫਰਨਾਮੇ ਤੇ ਇਸ ਜ਼ਫਰਨਾਮੇ ਦੇ ਦ੍ਰਿਸ਼ਟੀਕੋਣ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਪ੍ਰਤੱਖ ਹੀ ਵੇਖਿਆ ਜਾ ਸਕਦਾ ਹੈ । ਇੱਕ ਦਾ ਲੇਖਕ ਜਾਬਰ ਬਾਦਸ਼ਾਹ ਦੀ ਸਿਫਤ ਸਲਾਹ ਕਰਦਾ ਹੈ, ਦੂਜੇ ਦਾ ਜਬਰ ਜ਼ੁਲਮ ਨਾਲ ਟੱਕਰ ਲੈਂਦਾ ਹੋਇਆ ਵੀ ਆਪਣੀ ਅਜਿਤ ਅਣਖ ਨਾਲ ਜਾਬਰ ਨੂੰ ਲਲਕਾਰਦਾ ਫਿਟਕਾਰਦਾ ਹੈ ।

ਪ੍ਰਕਾਸ਼ਿਤ ਰੂਪ ਵਿੱਚ ਜੋ ਰਚਨਾ ਜ਼ਫਰਨਾਮਾ ਦੇ ਰੂਪ ਵਿੱਚ ਮਿਲਦੀ ਹੈ, ਇਸ ਦੇ ਦੋ ਹਿੱਸੇ ਹਨ । ਪਹਿਲੇ 12 ਸ਼ਿਅਰਾਂ ਵਿੱਚ ਅਕਾਲ ਪੁਰਖ ਦੀ ਸਿਫਤ ਸਲਾਹ ਹੈ ਤੇ ਦੂਜੇ 100 ਸ਼ਿਅਰਾਂ ਵਿੱਚ ਅਸਲੀ ਮਜ਼ਮੂਨ ਜਾਂ ਉਸ ਜਬਰ ਜ਼ੁਲਮ ਦੀ ਦਾਸਤਾਨ ਹੈ ਜਿਸ ਨਾਲ ਗੁਰੂ ਸਾਹਿਬ ਨੇ ਟੱਕਰ ਲਈ । ਇਸ ਟੱਕਰ ਦਾ ਅਸਲੀ ਜ਼ਿੰਮੇਵਾਰ ਕੌਣ ਸੀ । ਇਸ ਵਿੱਚ ਕਿਵੇਂ ਝੂਠੀਆਂ ਕਸਮਾਂ ਖਾਣ ਵਾਲਿਆਂ ਨੇ ਕੀਤੇ ਕੌਲ ਕਰਾਰ ਛਿੱਕੇ ਤੇ ਟੰਗੇ । ਕਿਵੇਂ ਬੁਤ ਸ਼ਿਕਨਾ ਨੇ ਹੀ ਬੁਤ ਪ੍ਰਸਤਾ ਨਾਲ ਰਲ ਕੇ ਦਰਵੇਸ਼ ਗੁਰੂ ਨਾਲ ਟੱਕਰ ਵਿੱਚ ਮਕਾਰੀ ਤੇ ਫਰੇਬ ਤੋਂ ਕੰਮ ਲਿਆ । ਇਸ ਸਾਰੇ ਕੁਝ ਬਾਰੇ ਕੁਝ ਸੰਕੇਤ ਸਾਨੂੰ ਇਨ੍ਹਾਂ ਸ਼ਿਅਰਾਂ ਤੋਂ ਪ੍ਰਾਪਤ ਹੁੰਦੇ ਹਨ । ਪਰ ਵਿਸਤ੍ਰਿਤ ਰੂਪ ਵਿੱਚ ਜਿਨ੍ਹਾਂ ਭੇਤਾਂ ਤੋਂ ਪਰਦਾ ਗੁਰੂ ਮਹਾਰਾਜ ਨੇ ਚੁਕਿਆ ਹੋਵੇਗਾ, ਉਨ੍ਹ ਬਾਰੇ ਅਜੇ ਸ਼ਾਇਦ ਇਤਿਹਾਸ ਸਮੇਂ ਦੇ ਬੀਤਣ ਤੇ ਹੋਰ ਕਾਫੀ ਕੁਝ ਦੱਸੇ ।

ਜ਼ਫਰਨਾਮੇ ਦੇ ਇਨ੍ਹਾਂ ਸ਼ਿਅਰਾਂ ਤੇ ਨਜ਼ਰ ਮਾਰੀਏ ਤਾਂ ਸਪਸ਼ਟ ਹੁੰਦਾ ਹੈ ਕਿ ਵਕਤ ਦੇ ਹਾਕਮ ਨੂੰ ਸੰਬੋਧਨ ਕਰਦੇ ਹੋਏ ਗੁਰੂ ਮਹਾਰਾਜ ਨੇ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਤੋਂ ਹੀ ਗੱਲ ਅਰੰਭੀ ਹੈ ਤੇ ਬਾਦਸ਼ਾਹ ਦੀ ਸਿਫਤ ਦੀ ਥਾਂ ਇੱਕ ਅਕਾਲ ਪੁਰਖ ਦੀ ਹੀ ਸਿਫਤ ਸਲਾਹ ਕੀਤੀ ਹੈ ।

ਅਕਾਲ ਪੁਰਖ ਦੀ ਸਿਫਤ ਸਲਾਹ ਉਪਰੰਤ ਔਰੰਗਜ਼ੇਬ ਨੂੰ ਸੰਬੋਧਨ ਕਰਦੇ ਹੋਏ ਆਪ ਫੁਰਮਾਂਦੇ ਹਨ ਕਿ ਮੈਨੂੰ ਤੇਰੇ ਤੇ ਉਕਾ ਕੋਈ ਭਰੋਸਾ ਨਹੀਂ । ਤੇਰੀ ਕਿਸੇ ਕਸਮ ਦਾ ਮੈਨੂੰ ਯਕੀਨ ਨਹੀਂ । ਮੈਨੂੰ ਉਸ ਉੱਤੇ ਭਰੋਸਾ ਵੀ ਕੀ ਹੋਵੇ ਜਿਸ ਦੇ ਬਖਸ਼ੀ ਤੇ ਦੀਵਾਨ ਸਾਰੇ ਹੀ ਝੂਠੇ ਹੋਣ । ਤੇਰੀ ਕੁਰਾਨ ਦੀ ਕਸਮ ਤੇ ਜੇ ਵਿਸ਼ਵਾਸ ਕਰੇ, ਉਹ ਅਖਰ ਖੁਆਰ ਹੀ ਹੁੰਦਾ ਹੈ । ਰਹੀ ਗੱਲ ਮੇਰੀ-ਮੇਰੇ ਸਿਰ ਤੇ ਅਕਾਲ ਪੁਰਖ ਦਾ ਸਾਇਆ ਹੇ । ਮੇਰਾ ਕੋਈ ਕੁਝ ਨਹੀਂ ਵਿਗਾੜ ਸਕਦਾ । ਤੂੰ ਤਾਂ ਕੁਰਾਨ ਦੀ ਕਸਮ ਸ਼ਰ੍ਹੇ ਆਮ ਖਾ ਕੇ ਮੁਕਰ ਗਿਆ ਹੈ, ਮੇਰੇ ਵਰਗਾ ਤਾਂ ਮਨ ਵਿੱਚ ਵੀ ਕਸਮ ਖਾਂਦਾ ਤਾਂ ਉਸ ਤੇ ਟਿਕਿਆ ਰਹਿੰਦਾ ।

ਮੁਠੀ ਭਰ ਸਾਥੀ, ਸਿੰਘਾਂ ਦੀ ਲੇਖਾ ਦੁਸ਼ਮਣਾਂ ਨਾਲ ਟੱਕਰ ਦੀ ਵਿਖਿਆ ਇਸ ਜ਼ਫਰਨਾਮੇ ਵਿੱਚ ਇਉਂ ਦਰਜ ਹੈ:-

ਗੁਰਮਨ: ਚਿ ਕਾਰੇ ਕੁਨਦ ਚਿਹਲ ਨਰ ।

ਕਿ ਦਹ ਲਕ ਬਰਾਯਦ ਬਰੂੰ ਬੇਖਬਰ ।

ਭਾਵ ਭੁੱਖੇ ਭਾਣੈ ਚਾਲੀ ਆਦਮੀ ਕੀ ਕਰ ਸਕਦੇ ਹਨ ਜੇ ਅਚਾਨਕ ਉਨ੍ਹਾਂ ਉੱਤੇ ਦਸ ਲੱਖ ਦਾ ਲਸ਼ਕਰ ਟੁੱਟ ਪਵੇ ।

ਪਰ ਜੇ ਕੋਈ ਕੁਰਾਨ ਦੀ ਕਸਮ ਤੇ ਯਕੀਨ ਕਰੇ ਤਾਂ ਅਕਾਲ ਪੁਰਖ ਉਸ ਨੂੰ ਰਾਹ ਵੀ ਦਿੰਦਾ ਹੈ:-

ਹਰ ਆਂ ਕਸ ਬਕੋਲੇ ਕੁਰਾਂ ਆਯਦਸ਼ ।
ਕਿ ਯਜ਼ਦਾ ਬਰੋ ਰਹਨੁਮਾ ਆਯਦਸ਼ ।

ਇਤਿਹਾਸ ਵਿੱਚ ਉਨ੍ਹਾਂ ਫਿਟਕਾਰਾਂ ਦੀ ਮਿਸਾਲ ਨਹੀਂ ਮਿਲ ਸਕਦੀ ਜੋ ਇਸ ਪੱਤਰ ਵਿੱਚ ਗੁਰੂ ਜੀ ਨੇ ਬਾਦਸ਼ਾਹ ਨੂੰ ਪਾਈਆਂ । ਗੁਰੂ ਸਾਹਿਬ ਲਿਖਦੇ ਹਨ ਕਿ ਮੈਨੂੰ ਨਹੀਂ ਸੀ ਪਤਾ ਕਿ ਕਸਮਾਂ ਤੋੜਨ ਵਾਲਾ ਔਰੰਗਜ਼ੇਬ ਕੇਵਲ ਪੈਸੇ ਦਾ ਪੀਰ ਹੈ ਤੇ ਬੇਈਮਾਨ ਹੈ :-

ਨਦਾਨਮ ਕਿ ਈਂ ਮਰਦਿ ਪੈਮਾਂ ਸ਼ਿਕਨ ।
ਕਿ ਦੌਲਤ ਪ੍ਰਸਤ ਵ ਈਮਾਂ ਫਿਗਨ ।

ਨਾ ਤੂੰ ਦੀਨ ਈਮਾਨ ਤੇ ਕਾਇਮ ਹੈ ਤੇ ਨਾ ਸ਼ਰ੍ਹਾ ਸ਼ਰੀਅਤ ਦਾ ਪਾਬੰਦ ।
ਨਾ ਤੈ ਨੂੰ ਰੱਬ ਦੀ ਪਛਾਣ ਹੈ ਤੇ ਨਾ ਹਜ਼ਰਤ ਮੁੰਹਮਦ ਤੇ ਭਰੋਸਾ :

ਨਾ ਈਮਾਂ ਪ੍ਰਸਤੀ ਨ ਔਜ਼ਾਇ ਦੀ ।
ਨਾ ਸਾਹਿਬ ਸ਼ਨਾਸੀ ਨਾ ਮਹੁੰਮਦ ਯਕੀਂ ।

ਹੁਣ ਤੂੰ ਭਾਵੇ ਕੁਰਾਨ ਦੀਆਂ ਸੌ ਕਸਮਾਂ ਵੀ ਖਾਵੇਂ, ਤੇਰਾ ਕੌਣ ਇਤਬਾਰ ਕਰੇ । ਜੇ ਤੂੰ ਆਪਣੇ ਬੰਦਿਆਂ ਦੀਆਂ ਲਿਖਤੀ ਕਸਮਾਂ ਵੀ ਵੇਖਣੀਆਂ ਚਾਹਵੇਂ ਤਾਂ ਮੈਂ ਉਹ ਤੈਨੂੰ ਭੇਜ ਸਕਦਾ ਹਾਂ:

ਤੁਰਾਂ ਗਰ ਬਿਬਾਯਦ ਆ ਕੌਲੇ ਕੁਰਾਂ
ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾਂ ।

ਅਜੀਬ ਹੈ ਤੇਰਾ ਇਨਸਾਫ਼ । ਅਜੀਬ ਹੈ ਤੇਰਾ ਧਰਮ ਪਾਲਣ ਦਾ ਢੰਗ । ਮੈਨੂੰ ਤਾਂ ਇਸ ਤੇ ਇੱਕ ਵਾਰ ਨਹੀਂ ਸੌ ਵਾਰ ਅਫਸੋਸ ਹੈ :

ਕਿ ਅਜਬ ਅਸਤ ਇਨਸਾਫ਼ੋ ਦੀ ਪਰਵਰੀ ।
ਕਿ ਹੈਫ ਅਸਤ ਸਦ ਹੈਫ ਈਂ ਸਰਵਰੀ ।

ਅਣਖ ਅਤੇ ਇਰਾਦੇ ਦੀ ਦ੍ਰਿੜ੍ਹਤਾ ਦੀ ਮਿਸਾਲ ਇਸ ਤੋਂ ਵੱਧ ਕੀ ਹੋਵੇਗੀ ਕਿ ਮਾਤਾ ਪਿਤਾ ਤੇ ਚਾਰੇ ਲਾਲ ਸ਼ਹੀਦ ਹੋਣ ਉਪਰੰਤ ਗੁਰੂ ਮਹਾਰਾਜ ਦਿੱਲੀ ਦੇ ਤਖਤ ਤੇ ਬੈਠੇ ਬਾਦਸ਼ਾਹ ਨੂੰ ਇਉਂ ਵੰਗਾਰਦੇ ਹਨ ਕਿ ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ ਹਨ, ਅਜੇ ਕੁੰਡਲੀਦਾਰ ਨਾਗ ਰੂਪੀ ਖਾਲਸਾ ਪੰਥ ਉਂਜ ਦਾ ਉਂਜ ਹੈ :-

ਜਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤ ਚਾਰ ।
ਕਿ ਬਾਕੀ ਬਮਦਸਤ ਪੇਚੀਦ: ਮਾਰ ।

ਜੁਲਮ ਕਰ ਕੇ ਚਿੰਗਾੜੀਆਂ ਬੁਝਾਣ ਵਿੱਚ ਤੇਰੀ ਕਾਹਦੀ ਬਹਾਦਰੀ ਹੈ । ਇਸ ਨਾਲ ਤਾਂ ਅੱਗ ਦੀ ਲਾਟ ਹੋਰ ਵੀ ਭੜਕੀ ਹੈ ਤੇ ਹੋਰ ਭੜਕੇਗੀ :-

ਚਿ ਮਰਦੀ ਕਿ ਅਖ਼ਗਰ ਖ਼ਾਮੋਸ਼ਾਂ ਕੁਨੀਂ ।
ਕਿ ਆਤਿਸ਼ ਦਮਾਂ ਰਾਂ ਫ਼ਰੋਜ਼ਾਂ ਕੁਨੀ ।

ਔਰੰਗਜ਼ੇਬ ਨੇ ਤਾਂ ਕੀਤੇ ਗੁਨਾਹਾਂ ਦੀ ਮੁਆਫੀ ਮੰਗਣ ਲਈ ਗੁਰੂ ਮਹਾਰਾਜ ਨੂੰ ਸੁਨੇਹਾ ਭੇਜ ਕੇ ਕਸਮਾਂ ਤੇ ਤਰਲਿਆਂ ਨਾਲ ਆਪਣੇ ਕੋਲ ਸੱਦਿਆ ਸੀ । ਪਰ ਗੁਰੂ ਮਹਾਰਾਜ ਨੇ ਦੋ ਟੁੱਕ ਉੱਤਰ ਲਿਖ ਭੇਜਿਆ ਕਿ ਮੈਂ ਤੇਰੇ ਕੋਲ ਬਿਲਕੁਲ ਨਹੀਂ ਆਵਾਂਗਾ, ਜਿਥੇ ਮੇਰੇ ਅਕਾਲ ਪੁਰਖ ਨੇ ਚਾਹਿਆ ਮੈਂ ਤਾਂ ਉੱਥੇ ਹੀ ਜਾਵਾਂਗਾ । ਤੂੰ ਮੇਰੇ ਕੋਲ ਬੇਫ਼ਿਕਰ ਹੋ ਕੇ ਆਉਣਾ ਚਾਹੇਂ ਤਾਂ ਆ ਸਕਦਾ ਹੈਂ । ਮੇਰੇ ਬੰਦੇ ਤੈਨੂੰ ਬਿਲਕੁਲ ਕੁਝ ਨਹੀਂ ਕਹਿਣਗੇ।

ਕਹਿੰਦੇ ਹਨ ਕਿ ਇਨ੍ਹਾਂ ਲਾਅਨਤਾਂ ਦਾ ਔਰੰਗਜ਼ੇਬ ਤੇ ਬਹੁਤ ਅਸਰ ਪਿਆ ।

ਸਭ ਤੋਂ ਵੱਧ ਦੁੱਖ ਉਸ ਨੂੰ ਇਹ ਜਾਣ ਕੇ ਹੋਇਆ ਕਿ ਉਸ ਨੇ ਬੁੱਤ-ਪ੍ਰਸਤਾਂ ਦੇ ਆਖੇ ਲੱਗ ਕੇ ਇੱਕ ਐਸੇ ਦਰਵੇਸ਼ ਨਾਲ ਟੱਕਰ ਲੈ ਲਈ ਜੋ ਬੁੱਤ ਪ੍ਰਸਤੀ ਦਾ ਵਿਰੋਧੀ ਸੀ। ਜਦੋਂ ਉਸ ਨੇ ਜ਼ਫਰਨਾਮੇ ਦਾ ਇਹ ਸ਼ਿਅਰ ਪੜ੍ਹਿਆ ਕਿ :-

ਮਨਮ ਕੁਸ਼ਤਾ ਅਮ ਕੋਹਿਯਾਂ ਬੁਤ-ਪ੍ਰਸਤ ।
ਕਿ ਆ ਬੁਤ ਪ੍ਰਸਤੰ ਦੇ ਮਨ ਬੁਤ ਸ਼ਿਕਸਤ ।

(ਅਰਥਾਤ ਮੈਂ ਬੁੱਤ-ਪੂਜ ਪਹਾੜੀ ਰਾਜਿਆਂ ਨੂੰ ਮਾਰ ਮੁਕਾਇਆ ਹੈ, ਕਿਉਂ ਜੇ ਉਹ ਬੁਤਾਂ ਦੇ ਉਪਾਸ਼ਕ ਸਨ ਤੇ ਮੈਂ ਬੁੱਤ ਸ਼ਿਕਨ ।) ਤਾਂ ਸ਼ਹਿਜਾਦੀ ਜ਼ੇਬੁ ਲਨਿਮਾਂ ਦੇ ਸਾਹਮਣੇ ਉਸ ਮੱਥੇ ਤੇ ਹੱਥ ਮਾਰ ਮਾਰ ਸਖਤ ਅਫ਼ਸੋਸ ਕੀਤਾ ਤੇ ਉਸ ਨੂੰ ਕਿਹਾ ਕਿ ਉਹ ਉਸ ਦੇ ਰਾਜ਼ੀ ਹੋਣ ਉਪਰੰਤ ਪਹਿਲਾ ਕੰਮ ਇਹ ਕਰੋ ਕਿ ਗੁਰੂ ਮਹਾਰਾਜ ਨਾਲ ਉਸਦੀ ਮੁਲਾਕਾਤ ਦਾ ਪ੍ਰਬੰਧ ਕਰੇ। ਉਸ ਨੇ ਇਹ ਵੀ ਹੁਕਮ ਦਿੱਤਾ ਕਿ ਭਾਈ ਦਇਆ ਸਿੰਘ ਨੂੰ ਸ਼ਾਹੀ ਸਨਮਾਨਾਂ ਨਾਲ ਸੁਰਖਿਆ ਦਾ ਪ੍ਰਵਾਨਾਂ ਦੇ ਕੇ ਵਿਦਾ ਕੀਤਾ ਜਾਵੇ ਅਤੇ ਅੱਗੇ ਤੋਂ ਗੁਰੂ ਮਹਾਰਾਜ ਨਾਲ ਕਿਸੇ ਵੀ ਤਰ੍ਹਾਂ ਦਾ ਟਕਰਾ ਮੂਲ ਨਾ ਲਿਆ ਜਾਵੇ। ਉਸਦੇ ਇਨ੍ਹਾਂ ਹੁਕਮਾਂ ਤੇ ਅਮਲ ਵੀ ਆਰੰਭ ਹੋ ਗਿਆ, ਪਰ ਪਛਤਾਵੇ ਦੀ ਅੱਗ ਵਿੱਚ ਸੜਦਾ ਤੇ ਗੁਰੂ ਸਾਹਿਬ ਦੀਆਂ ਪਾਈਆਂ ਫਿਟਕਾਰਾਂ ਦੀ ਤਾਬ ਨਾ ਝੱਲਦਾ ਹੋਇਆ ਸ਼ਹਿਨਸ਼ਾਹ ਔਰੰਗਜ਼ੇਬ 1707 ਈਸਵੀ ਨੂੰ ਬਿਨਾਂ ਆਪਣੇ ਗੁਨਾਹ ਬਖਸ਼ਵਾਏ ਇਸ ਧਰਤੀ ਤੋਂ ਕੂਚ ਕਰ ਗਿਆ। ਇਸ ਪ੍ਰਕਾਰ ਨੇਕੀਬਦੀ ਦੇ ਇਸ ਸੰਘਰਸ਼ ਵਿੱਚ ਅੰਤਿਮ ਫਤਹਿ ਜ਼ਫਰਨਾਮਾ ਦੇ ਅਜਿੱਤ ਲੇਖਕ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਹੋਈ।

ਤੇ ਫਿਰ ਇੱਕ ਬੋਲ ਤੇਰੇ ਨੇ ਮੇਰਾ ਲੋਹਾ ਜਗਾ ਦਿੱਤਾ
ਤੂੰ ਆਪਣੀ ਤਲੀ ਤੇ ਧਰਿਆ ਮੈਨੂੰ ਸੂਰਜ ਫੜਾ ਦਿੱਤਾ।

**ਧੰਨਵਾਦਿ ਸਾਹਿਤ ਵਿਚੋਂ :-ਸ਼ਿਵ ਕੁਮਾਰ ਬਟਾਲਵੀ**

## ਗੁਰੂ ਤੇਗ ਬਹਾਦਰ

**ਗੁਰਗੱਦੀ**
**ਮਾਰਚ ੧੬੬੪ ਈ:**

**ਜੋਤੀ ਜੋਤਿ ਸਮਾਏ**
**ਨਵੰਬਰ ੧੬੭੫ ਈ:**

ਕਿਸੇ ਵਿਦਵਾਨ ਦਾ ਕੌਲ ਹੈ ਕਿ ਧਰਮ-ਮੰਦਰਾਂ ਦੀ ਨੀਂਹ ਧਰਮ ਲਈ ਅਹੂਤੀ ਦੇਣ ਵਾਲੇ ਸ਼ਹੀਦਾਂ ਦੇ ਸਿਰਾਂ ਤੇ ਹੀ ਰੱਖੀ ਜਾ ਸਕਦੀ ਹੈ। ਕੋਈ ਧਰਮ ਪੂਰਾ ਨਹੀਂ ਕਿਹਾ ਜਾ ਸਕਦਾ, ਜਿਤਨਾ ਚਿਰ ਉਹ ਜੀਵਨ ਦੇ ਨਾਲ ਨਾਲ ਮੌਤ ਦੀ ਜਾਚ ਵੀ ਆਪਣੇ ਸ਼ਰਧਾਲੂਆਂ ਨੂੰ ਨਾ ਸਿਖਾਵੇ, ਚੂੰਕਿ ਸਾਡੀ ਜ਼ਿੰਦਗੀ ਦਾ ਮੁੱਢਲਾ ਤੇ ਅਖ਼ੀਰਲਾ ਸਿਰਾ ਜੀਵਨ ਤੇ ਮੌਤ ਹੀ ਹੈ। ਜਿਸ ਨੇ ਇਨ੍ਹਾਂ ਦੋਹਾਂ ਦੇ ਰਾਜ਼ ਨੂੰ ਪਾ ਲਿਆ, ਉਹੋ ਪੂਰਨ ਮਨੁੱਖ ਹੈ, ਉਹੋ ਅਸਲ ਬ੍ਰਹਮਗਿਆਨੀ ਤੇ ਉਹੋ ਕਾਮਲ ਸੰਤ ਫ਼ਕੀਰ ਹੈ।

ਗੁਰੂ ਤੇਗ ਬਹਾਦਰ ਸਾਹਿਬ ਅਜਿਹੀਆਂ ਮਹਾਨ ਵਿਅਕਤੀਆਂ ਵਿੱਚੋਂ ਹੀ ਸਨ, ਜਿਨ੍ਹਾਂ ਆਪਣੀ ਸ਼ਹਾਦਤ ਦੇ ਕੇ ਜਬਰ ਦੇ ਭੁਚਾਲਾਂ ਨਾਲ ਡੋਲ ਰਹੇ ਧਰਮ ਨੂੰ ਮੁੜ ਅਚੱਲ ਤੇ ਅਡੋਲ ਕੀਤਾ ਸੀ। ਜਿਉਂਦੇ-ਜੀਅ ਸਿਰ ਨੂੰ ਤਲੀ ਤੇ ਰੱਖ ਕੇ ਜੋਖ ਲੈਣ ਦੀ ਜਾਚ ਸਿੱਖਾਂ ਉਨ੍ਹਾਂ ਪਾਸੋਂ ਹੀ ਹਾਸਲ ਕੀਤੀ ਸੀ। ਉਨ੍ਹਾਂ ਦੇ ਇਸ ਸ਼ਹੀਦੀ ਸਾਕੇ ਨੇ ਧਰਮ ਤੇ ਹਿੰਦ ਦੋਹਾਂ ਦੀ ਇਜ਼ਤ ਰੱਖੀ, ਇਸੇ ਕਰਕੇ ਆਪ ਨੂੰ 'ਧਰਮ ਦੀ ਚਾਦਰ' ਜਾਂ 'ਹਿੰਦ ਦੀ ਚਾਦਰ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਆਪ ਦਾ ਜਨਮ ਦੋ ਤਲਵਾਰਾਂ ਧਾਰਨ ਵਾਲੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ੧ ਅਪ੍ਰੈਲ ੧੬੨੧ ਈ: ਨੂੰ ਅੰਮ੍ਰਿਤਸਰ ਵਿਖੇ ਹੋਇਆ। ਭੱਟ ਵਹੀ ਜਨਮ ਸੰਮਤ ੧੬੨੫ ਈ: ਦੱਸਦੀ ਹੈ। ਆਪ ਨੇ ਮੁੱਢਲੀ ਤਾਲੀਮ ਦੇ ਨਾਲ ਹੀ ਬੀਰ ਪਿਤਾ ਦੀ ਨਿਗਰਾਨੀ ਵਿੱਚ ਸ਼ਸਤ੍ਰ ਵਿਦਿਆ ਤੇ ਜੀਵਨ-ਜਾਚ ਸਿੱਖੀ। ਕਰਤਾਰਪੁਰ ਦੇ ਯੁੱਧ ਵਿੱਚ ਆਪ ਨੇ ਤੇਗ ਦੇ ਅਜਿਹੇ ਕਾਰਨਾਮੇ ਵਿਖਾਏ, ਜਿਸ ਤੋਂ ਪਿਤਾ ਨੇ ਪ੍ਰਸੰਨ ਹੋ ਕੇ ਕਿਹਾ, "ਤੂੰ ਤਾਂ ਸੱਚਮੁੱਚ ਹੀ ਤੇਗ ਬਹਾਦਰ ਹੈ।"

ਜਿਸ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਵੱਲ ਰਵਾਨਾ ਹੋਏ, ਉਸ ਸਮੇਂ ਤੇਗ ਬਹਾਦਰ ਨੇ ਕੁਝ ਸਮੇਂ ਲਈ ਨਾਨਕੇ ਘਰ ਨਿਵਾਸ ਕਰ ਲਿਆ। ਆਪ ਦੀ ਉਪਰਾਮ ਬਿਰਤੀ ਨੇ ਏਕਾਂਤ ਵਿੱਚ ਬੈਠ ਕੇ ਪ੍ਰਭੂ ਦੀ ਯਾਦ ਵਿੱਚ ਵੇਲਾ ਗੁਜ਼ਾਰਨਾ ਚੰਗਾ ਸਮਝਿਆ। ਸਮਾਂ ਗੁਜ਼ਰਦਾ ਗਿਆ, ਸਿੱਖੀ ਲਹਿਰ ਵਿੱਚ ਕਈ ਤਬਦੀਲੀਆਂ ਆਈਆਂ ਤੇ ਹਿੰਦੁਸਤਾਨ ਦੇ ਰਾਜਸੀ ਇਤਿਹਾਸ ਨੇ ਵੀ ਕਈ ਕਰਵਟਾਂ ਬਦਲੀਆਂ। ਨੌਜਵਾਨ ਤੇਗ ਬਹਾਦਰ ਕੀਰਤਪੁਰ ਪਰਬਤ ਦੀ ਏਕਾਂਤ ਵਿੱਚ ਬੈਠਾ ਇਨ੍ਹਾਂ ਸਾਰੀਆਂ ਵੱਡੀਆਂ ਵੱਡੀਆਂ ਘਟਨਾਵਾਂ ਨੂੰ ਲੰਮੀ ਨੀਝ ਲਾ ਕੇ ਤੱਕ ਰਿਹਾ ਸੀ। ਜ਼ਾਲਮ ਦੇ ਜ਼ੁਲਮ ਉਸ ਦੇ ਖ਼ੂਨ ਵਿੱਚ ਉਛਾਲਾ ਪੈਦਾ ਕਰ ਰਹੇ ਸਨ, ਮਜ਼ਲੂਮ ਦੀਆਂ ਕਮਜ਼ੋਰੀਆਂ ਵੇਖ ਕੇ ਉਸ ਦੇ 'ਸਾਧੂ ਹਿਰਦੇ' ਵਿੱਚ ਹਮਦਰਦੀ ਪੈਦਾ ਹੋ ਰਹੀ ਸੀ। ਉਹ ਜੂਨ ੧੬੫੬ ਈ: ਵਿੱਚ ਪਰਿਵਾਰ ਸਮੇਤ ਤੀਰਥ-ਯਾਤਰਾ ਲਈ ਨਿਕਲੇ ਤੇ ਹਰਿਦੁਆਰ ਹੁੰਦੇ ਹੋਏ ਮੁੜ ਮਥਰਾ, ਬਨਾਰਸ ਤੇ ਫਿਰ ਪਟਨੇ ਜਾ ਟਿਕੇ। ਉੱਥੇ ੫-੭ ਸਾਲ ਰਹੇ ਜਿਥੇ ਕਿ ੧੬੬੧ ਈ: ਵਿੱਚ ਸ੍ਰੀ ਗੋਬਿੰਦਦਾਸ ਦਾ ਜਨਮ ਹੋਇਆ।

ਮੁਗ਼ਲ ਰਾਜਨੀਤੀ ਨੇ ਹਿੰਦੁਸਤਾਨੀ ਜਨਤਾ ਦੇ ਧਰਮ ਵਿੱਚ ਜਬਰਦਸਤੀ ਦਖ਼ਲ-ਅੰਦਾਜ਼ੀ ਕਰਨ ਦਾ ਫ਼ੈਸਲਾ ਕਰ ਲਿਆ ਸੀ। ਉਹ ਆਪਣੀ ਨਾ-ਕਾਮਯਾਬੀ ਨੂੰ ਤਾਕਤ ਦੀ ਘਟ ਵਰਤੋਂ ਦਾ ਨਤੀਜਾ ਸਮਝ ਰਹੀ ਸੀ। ਔਰੰਗਜ਼ੇਬ ਨੇ ਆਪਣੇ ਪਰਿਵਾਰ ਦੇ ਖ਼ੂਨ ਨਾਲ ਰੰਗੇ ਹੱਥਾਂ ਨਾਲਾ ਸਤਨਾਮੀਆਂ ਜੇਹੀ ਸਾਧੂ ਸੰਪ੍ਰਦਾ ਉੱਤੇ ਵੀ ਖ਼ੂਨੀ ਤੇਗ ਵਗਾ ਦਿੱਤੀ ਤੇ

ਸਰਮਦ ਜਿਹੇ ਸੂਫੀ ਫ਼ਕੀਰਾਂ ਨੂੰ ਕਤਲ ਕਰਨਾ ਵੀ ਆਪਣੇ ਪ੍ਰੋਗਰਾਮ ਵਿੱਚ ਸ਼ਾਮਲ ਕਰ ਲਿਆ। ਬਾਦਸ਼ਾਹ ਦੇ ਇਨ੍ਹਾਂ ਖ਼ੂਨੀ ਕਾਰਨਾਮਿਆਂ ਨੇ ਆਮ ਜਤਨਾ ਵਿੱਚ ਭਾਰੀ ਕੁਹਰਾਮ ਮਚਾ ਦਿੱਤਾ। ਸਭ ਨੂੰ ਜ਼ਬਰਦਸਤੀ ਮੁਸਲਮਾਨ ਬਣ ਜਾਣ ਲਈ ਕਿਹਾ ਗਿਆ, ਜੋ ਅਪਰਵਾਨ ਕਰੇ, ਉਸ ਲਈ ਮੌਤ ਪਰਵਾਨ ਕਰਨਾ ਤਾਂ ਜ਼ਰੂਰੀ ਸੀ। ਇਸ ਤੋਂ ਇਲਾਵਾ ਕੋਮਲ ਹੁਨਰ-ਕਵਿਤਾ, ਨ੍ਰਿਤ ਤੇ ਸੰਗੀਤ ਆਦਿ ਨੂੰ ਕਾਨੂੰਨਨ ਬੰਦ ਕਰ ਦਿੱਤਾ ਗਿਆ। ਰੋਸ ਵਜੋਂ ਦਿੱਲੀ ਦੇ ਰਾਗੀਆਂ 'ਰਾਗ ਦਾ ਜਨਾਜ਼ਾ' ਕੱਢਿਆ। ਇਹ ਵੇਖ ਕੇ ਬਾਦਸ਼ਾਹ ਸ਼ਰਮਿੰਦਾ ਤਾਂ ਹੋ ਗਿਆ, ਮਗਰ ਫਿਰ ਹੱਸ ਕੇ ਆਖਣ ਲੱਗਾ ਕਿ 'ਚੰਗਾ ! ਇਸ ਨੂੰ ਕਬਰ ਵਿੱਚ ਦਬਾ ਆਵੋ। ਮਗਰ ਇਸ ਕਮਬਖਤ ਨੂੰ ਇਤਨਾ ਗਹਿਰਾ ਦਬਾਓ ਤਾਕਿ ਮੁੜ ਕਿਤੇ ਨਿਕਲ ਨਾ ਆਵੇ।' ਇਸੇ ਤਰ੍ਹਾਂ ਇਤਿਹਾਸ ਲਿਖਣ ਦੀ ਸਖ਼ਤ ਮਨਾਹੀ ਸੀ, ਤਾਕਿ ਇਨ੍ਹਾਂ ਸਾਰਿਆਂ ਦੁਰਘਟਨਾਵਾਂ ਦੇ ਅੰਕਿਤ ਹੋਣ ਨਾਲ ਸਰਕਾਰ ਦੀ ਬਦਨਾਮੀ ਨਾ ਹੋਵੇ।

ਸਿੱਖੀ ਦੀ ਅਗਾਂਹ-ਵਧੂ ਇਨਕਲਾਬੀ ਲਹਿਰ ਵੀ ਔਰੰਗਜ਼ੇਬ ਦੀਆਂ ਅੱਖਾਂ ਵਿੱਚ ਰੜਕਦੀ ਸੀ। ਰਾਮਰਾਇ ਨੂੰ ਹੱਥਠੋਕਾ ਬਣਾ ਕੇ ਬਾਦਸ਼ਾਹ ਫੁੱਟ ਪਾਉਣ ਦੀ ਕੋਸ਼ਸ਼ ਵਿੱਚ ਸੀ। ਉਸ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਦੇਹਾਂਤ ਬਾਅਦ ਅੰਮ੍ਰਿਤਸਰ ਤੇ ਕੀਰਤਪੁਰ ਆਦਿ ਥਾਵਾਂ ਤੇ ਰਾਮਰਾਇ ਦੇ ਮਸੰਦਾਂ ਨੂੰ ਭੇਜਿਆ ਵੀ, ਮਗਰ ਕੁਝ ਸਫਲਤਾ ਨਾ ਹੋਈ। ਇਸ ਤਰ੍ਹਾਂ ਸਿੱਖੀ ਦੀ ਘਰੋਗੀ ਫੁੱਟ ਹਾਨੀਕਾਰਕ ਸਾਬਤ ਹੋ ਰਹੀ ਸੀ। ਕੋਈ ਸੋਢੀ ਬੇਦੀ ਆਪਾ-ਧਾਪੀ ਵਿੱਚ ਗੱਦੀਆਂ ਲਾਈ ਬੈਠੇ ਸਨ। ਦੂਜੇ ਪਾਸੇ ਜਾਦੂਨਾਥ ਸਰਕਾਰ ਦੇ ਕਥਨ ਅਨੁਸਾਰ ਸਿੱਖ ਮਸੰਦਾਂ ਨੂੰ ਜਲਾਵਤਨ ਕਰਨ ਦੇ ਹੁਕਮ ਵੀ ਨਿਕਲ ਰਹੇ ਸਨ ਤੇ ਕੁਝ ਸਿੱਖ ਧਰਮ-ਮੰਦਰਾਂ ਨੂੰ ਗਿਰਾਉਣ ਦੇ ਘੋਰ-ਮਸੋਰੇ ਵੀ ਹੁੰਦੇ ਪਏ ਸਨ। ਇਸ ਤੋਂ ਬਿਨਾਂ ਸਿੱਖ ਜਨਤਾ ਉੱਤੇ ਕੁਝ ਸਖ਼ਤੀਆਂ ਵੀ ਹੋਇਆਂ. ਮਗਰ ਉਨ੍ਹਾਂ ਦਾ ਵੇਰਵੇ ਸਹਿਤ ਕੋਈ ਜ਼ਿਕਰ ਨਹੀਂ ਮਿਲਦਾ। ਇਉਂ ਸਿੱਖੀ ਦਾ ਬੇੜਾ ਬੜੇ ਨਾਜ਼ਕ ਮਰਹਲੇ ਵਿਚੀਂ ਗੁਜ਼ਰ ਰਿਹਾ ਸੀ। ਸੰਗਤਾਂ ਬੇਚੈਨ ਸਨ, ਮਗਰ 'ਬਾਬਾ ਬਕਾਲੇ', ਇਹ ਸ਼ਬਦ ਉਨ੍ਹਾਂ ਨੂੰ ਰੋਸ਼ਨੀ ਦੇ ਰਹੇ ਸਨ। ਸਭ ਸਿੱਖ ਘਬਰਾਏ ਹੋਏ ਬਕਾਲੇ ਪੁਜੇ। ਇਥੇ ਕਈ ਮੰਜੀਆਂ (ਗੱਦੀਆਂ) ਲੱਗੀਆਂ ਹੋਇਆਂ ਸਨ, ਆਖ਼ਰ ਦਰਗਾਹ ਮਲ, ਭਾਈ ਗੜ੍ਹੀਆ ਤੇ ਮੱਖਣਸ਼ਾਹ ਆਦਿ ਸਿਆਣੇ ਸਿੱਖਾਂ ਦੇ ਪਾਰਖੂ ਨੈਣਾਂ ਨੇ 'ਸੱਚੇ ਗੁਰੂ' ਨੂੰ ਲੱਭ ਹੀ ਲਿਆ, ਜਿਸ ਨੂੰ ਕਿ ਪਿੰਡ ਦੇ ਲੋਕ 'ਤੇਗਾ ਕਮਲਾ' ਕਰਕੇ ਸੱਦਦੇ ਸਨ। ਉਹ ਨਹੀਂ ਜਾਣਦੇ ਸਨ ਕਿ ਪ੍ਰਭੂ ਦੇ ਦੀਵਾਨੇ ਤੇਗ ਬਹਾਦਰ ਨੇ ਕਿਸ ਤਰ੍ਹਾਂ ਸਾਰੇ ਹਿੰਦੁਸਤਾਨ ਦੀ ਪਤ ਢਕਣ ਵਾਲੀ ਚਾਦਰ ਬਣਨਾ ਤੇ ਧਰਮ ਦੀ ਰੱਖਿਆ ਕਰਨੀ ਹੈ।

'ਗੁਰੂ ਲਾਧੋ, ਗੁਰੂ ਲਾਧੋ' ਦਾ ਐਲਾਨ ਕੀਤਾ ਗਿਆ, ਜਿਸਨੂੰ ਸੁਣ ਕੇ ਗੱਦੀਦਾਰ

ਅੱਗ-ਭਬੂਕਾ ਹੋ ਉੱਠੇ । ਇਨ੍ਹਾਂ ਵਿਚੋਂ ਧੀਰਮੱਲ ਦੇ ਸੇਵਕ ਸ਼ੀਂਹੇ ਮਸੰਦ ਨੇ ਤਾਂ ਗੋਲੀ ਹੀ ਚਲਾ ਦਿੱਤੀ । ਮਗਰ ਸ਼ਾਂਤੀ ਦਾਤਾ ਗੁਰੂ ਨੇ ਖਿਮਾ ਰਖੀ, ਕੁਝ ਨਾ ਆਖਿਆ । ਅਜਿਹੀ ਹਾਲਤ ਪੈਦਾ ਹੋਈ ਵੇਖ ਕੇ ਆਪ ਨੇ ਬਕਾਲੇ ਤੋਂ ਚਲੇ ਜਾਣ ਦਾ ਹੀ ਖ਼ਿਆਲ ਬਣਾ ਲਿਆ, ਤਾਕਿ ਘਰੋਗੀ ਝਗੜੇ ਵਿੱਚ ਪੈ ਕੇ ਸਿੱਖੀ ਦਾ ਜਬਰ ਨਾਲ ਹੋ ਰਹੇ ਟਾਕਰੇ ਦਾ ਸੰਗ੍ਰਾਮ ਕਿਤੇ ਮੱਧਮ ਨਾ ਪੈ ਜਾਵੇ ।

ਆਪ ਨੇ ਕੀਰਤਪੁਰ ਵਲ ਜਾਣ ਲਈ ਸਾਰੀ ਤਿਆਰੀ ਕਰਾ ਲਈ । ਧੀਰਮੱਲ ਦੇ ਸ਼ਰਾਰਤੀ ਮਸੰਦਾਂ ਗੁਰੂ ਜੀ ਦਾ ਸਾਮਾਨ ਆ ਲੁਟਿਆ । ਇਸ ਤੋਂ ਖਿਝ ਕੇ ਬਹੁਤ ਸਾਰੇ ਸਿੱਖ ਧੀਰਮੱਲ ਦੇ ਡੇਰੇ ਜਾ ਪਏ । ਉਨ੍ਹਾਂ ਆਪਣਾ ਸਾਮਾਨ ਵਾਪਸ ਲਿਆਂਦਾ ਤੇ ਨਾਲ ਹੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲੁੱਟ ਲਿਆਂਦੀ । ਜਦੋਂ ਸ਼ਾਂਤਿ-ਚਿਤ ਸਤਿਗੁਰੂ ਜੀ ਨੂੰ ਇਹ ਪਤਾ ਲੱਗਾ ਕਿ ਸਿੱਖ ਧੀਰਮੱਲ ਦੇ ਡੇਰੇ ਤੋਂ ਬੀੜ ਵੀ ਖੋਹ ਲਿਆਏ ਹਨ ਤਾਂ ਆਪ ਨੇ ਬੀੜ ਵਾਪਸ ਭੇਜ਼ ਦੇਣ ਲਈ ਆਖਿਆ । ਸਿੱਖਾਂ ਕਿਹਾ, "ਸੱਚੇ ਪਾਤਸ਼ਾਹ! ਬੀੜ ਗੁਰਗੱਦੀ ਦੀ ਚੀਜ਼ ਹੈ, ਇਹ ਤੁਹਾਡੇ ਪਾਸ ਹੀ ਰਹਿਣੀ ਚਾਹੀਦੀ ਹੈ, ਨਹੀਂ ਤਾਂ ਇਸ ਦੇ ਆਸਰੇ ਧੀਰਮੱਲ ਫਿਰ ਗੁਰਿਆਈ ਦਾ ਪਖੰਡ ਚਲਾਏਗਾ ।" ਪਰੰਤੂ ਗੁਰੂ ਜੀ ਨੇ ਬੀੜ ਵਾਪਸ ਕਰਨੀ ਹੀ ਠੀਕ ਸਮਝੀ । ਕਈ ਇਤਿਹਾਸਕਾਰਾਂ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਬੀੜ ਦਰਿਆ ਪਾਰ ਕਰਨ ਲਗਿਆਂ ਦਰਿਆ ਬਿਆਸ ਦੇ ਹਵਾਲੇ ਕਰ ਦਿੱਤੀ ਤੇ ਇਥੋਂ ਫਿਰ ੧੩-੧੪ ਦਿਨਾਂ ਬਾਅਦ ਧੀਰਮੱਲ ਕੱਢ ਕੇ ਲੈ ਗਿਆ । ਇਹ ਗੱਲ ਬਿਲਕੁਲ ਅਸੰਭਵ ਜਾਪਦੀ ਹੇ ਕਿ ਗੁਰੂ ਸਾਹਿਬ ਨੇ ਇਤਨੀ ਕੀਮਤੀ ਇਤਿਹਾਸਕ ਚੀਜ਼ ਨੂੰ ਦਰਿਆ ਹਵਾਲੇ ਕਰਨਾ ਠੀਕ ਸਮਝਿਆ ਹੋਵੇ ।

ਸਤਿਗੁਰੂ ਜੀ ਸਿੱਖ ਸੰਗਤਾਂ ਵਿੱਚ ਉਤਸ਼ਾਹ ਤੇ ਪ੍ਰੇਰਨਾ ਪੈਦਾ ਕਰਨ ਲਈ ਅੰਮ੍ਰਿਤਸਰ ਆਏ । ਪ੍ਰਿਥੀਏ ਦਾ ਪੋਤਾ-ਹਰਿ ਜੀ ਸਤਿਕਾਰ ਨਾਲ ਮਿਲਿਆ । ਸਿੱਖ ਸੰਗਤਾਂ ਹਾਜ਼ਰ ਹੋਇਆਂ । ਗੁਰੂ ਜੀ ਨੇ ਸਿੱਖਾਂ ਨੂੰ ਧਰਮ ਵਿੱਚ ਪੱਕੇ ਰਹਿਣ ਦਾ ਉਪਦੇਸ਼ ਦਿੱਤਾ । ਇਥੋਂ ਆਪ ਪ੍ਰਚਾਰ- ਦੌਰਾ ਕਰਦੇ ਤਰਨ ਤਾਰਨ, ਖਡੂਰ, ਗੋਇੰਦਵਾਲ ਗਏ ਤੇ ਖੇਮਕਰਨ ਰਘੂਪਤਿ ਰਾਇ ਨਿਝਰ ਪਾਸ ਦੋ ਹਫ਼ਤੇ ਠਹਿਰੇ, ਉਸ ਘੋੜੀ ਭੇਟਾ ਕੀਤੀ । ਬਿਆਸ ਪਾਰ ਕਰਕੇ ਆਪਣੇ ਮਾਸੜ ਭਾਈ ਸਾਈਂਦਾਸ ਪਾਸ ਡਰੋਲੀ ਠਹਿਰੇ ਤੇ ਲੱਖੀ ਜੰਗਲ ਲੰਘੇ ਅਤੇ ਮਾਰਚ ੧੬੬੫ ਈ: ਦੀ ਵਿਸਾਖੀ ਸਾਬੋ ਕੀ ਤਲਵੰਡੀ ਪਹੁੰਚ ਗਏ । ਇਥੇ ਡੂੰਘਾ ਤਲਾਅ ਖੁਦਵਾਇਆ ਤੇ ਫਿਰ ਉਥੋਂ ਵਾਪਸ ਬਠਿੰਡੇ ਜਾਖਲ ਵਲ ਦੀ ਹੁੰਦੇ ਧਮਧਾਣ ਆ ਗਏ । ਇਸੇ ਸਮੇਂ ਰਾਜਾ ਦੀਪ ਚੰਦ ਦੀ ਸਤਾਰ੍ਹਵੀਂ 'ਤੇ ਗੁਰੂ ਸਾਹਿਬ ਬਿਲਾਸਪੁਰ ਗਏ, ਰਾਣੀ ਚੰਪਾ ਪਾਸ ਅਫ਼ਸੋਸ ਕੀਤਾ । ਜਦੋਂ ਉਸ ਨੂੰ ਪਤਾ ਲੱਗਾ ਕਿ

ਘਰੋਗੀ ਬਿਖਾਧ ਕਾਰਨ ਸਤਿਗੁਰੂ ਕੀਰਤਪੁਰ ਛੱਡ ਕੇ ਬਾਂਗਰ ਵਲ ਟਿਕਾਣਾ ਬਣਾ ਰਹੇ ਹਨ ਤਾਂ ਉਸ ਨੇ ਤਿੰਨ ਪਿੰਡਾਂ-ਮੀਆਂ ਪੁਰ, ਸਹੋਟਾ ਤੇ ਲੋਧੀਪੁਰ ਦੀ ਭੁਇੰ ਅਰਪਨ ਕਰਕੇ ਕਿਹਾ ਕਿ ਆਪ ਇਥੋਂ ਨਾ ਜਾਓ, ਨਵਾਂ ਨਗਰ ਵਸਾ ਲਓ । ਚੁਨਾਂਚਿ ੧੯ ਜੂਨ ੧੬੬੫ ਈ: ਨੂੰ 'ਚੱਕ ਨਾਨਕੀ' ਦੀ ਮੋੜ੍ਹੀ ਗੱਡੀ ਗਈ ਜੋ ਪਿਛੋਂ ਅਨੰਦਪੁਰ ਕਹਾਇਆ । ਦੀਵਾਲੀ ਨੂੰ ਗੁਰੂ ਜੀ ਧਮਧਾਣ ਗਏ, ਭਾਰੀ ਇਕੱਠ ਹੋਇਆ ਤਾਂ ਆਪ ਨੂੰ ਸ਼ਾਹੀ ਹੁਕਮ ਅਨੁਸਾਰ ਗ੍ਰਿਫ਼ਤਾਰ ਕਰ ਕੇ ਸਮੇਤ ਅਨੇਕ ਸਿੱਖਾਂ ਦੇ ਦਿੱਲੀ ਲਿਆਂਦਾ ਗਿਆ ।

ਇਹ ਗੱਲ ਨਵੰਬਰ ੧੬੬੫ ਈ: ਦੀ ਹੈ । ਇਸੇ ਸਮੇਂ ਹੀ ਔਰੰਗਜ਼ੇਬ ਨੇ ਕਰਾਮਤ ਦਿਖਾਉਣ ਜਾਂ ਇਸਲਾਮ ਵਿੱਚ ਆਉਣ ਦੀ ਗੱਲ ਆਖੀ, ਜਿਸ ਨੂੰ ਗੁਰੂ ਸਾਹਿਬ ਨੇ ਅਪਰਵਾਨ ਕਰ ਦਿੱਤਾ । ਇਸ ਲਈ ਸਾਥੀ ਸਿੱਖਾਂ ਸਮੇਤ ਆਪ ਨੂੰ ਨਜ਼ਰਬੰਦ ਕਰ ਕੇ ਰਾਜਾ ਰਾਮ ਸਿੰਘ ਦੀ ਸਪੁਰਦਗੀ ਵਿੱਚ ਦੇ ਦਿੱਤਾ ਗਿਆ । ਇਹ ਘਰਾਣਾ ਗੁਰੂ-ਘਰ ਦਾ ਸ਼ਰਧਾਲੂ ਸੀ, ਇਸ ਨੇ ਜਿਵੇਂ-ਕਿਵੇਂ ਸਤਿਗੁਰਾਂ ਨੂੰ ਆਪਣੀ ਜ਼ਿੰਮੇਵਾਰੀ ਤੇ ਰਿਹਾ ਕਰਾ ਕੇ ਪਟਨੇ ਵਲ ਭੇਜ ਦਿੱਤਾ, ਜਿਥੇ ਕਿ ਆਪ ਦਾ ਪਰਿਵਾਰ ਠਹਿਰਿਆ ਹੋਇਆ ਸੀ । ਕੁਝ ਸਮੇਂ ਪਿਛੋਂ ਅਸਾਮ ਵਿੱਚ ਹੋਈ ਗੜਬੜ ਨੂੰ ਦਬਾਉਣ ਲਈ ਰਾਜਾ ਰਾਮ ਸਿੰਘ ਨੂੰ ਵੀ ਇਸ ਮੁਹਿੰਮ ਉੱਤੇ ਜਾਣਾ ਪਿਆ ਤੇ ਉਹ ਗੁਰੂ ਜੀ ਨੂੰ ਪਟਨੇ ਤੋਂ ਗੋਹਾਟੀ ਵੱਲ ਨਾਲ ਲੈ ਗਿਆ । ਇਹ ਗੱਲ ੧੬੬੮ ਈ: ਦੀ ਹੈ । ਗੁਰੂ ਜੀ ਢਾਕੇ ਗਏ ਤਾਂ ਸਿੱਖ ਸੰਗਤ ਦੀ ਰੌਣਕ ਦੇਖ ਕੇ ਬਹੁਤ ਖ਼ੁਸ਼ ਹੋਏ । ਆਪ ਨੇ ਪ੍ਰਸੰਨ ਹੋ ਕੇ ਕਿਹਾ, "ਢਾਕਾ ਸਿੱਖੀ ਦਾ ਕੋਠਾ ਹੈ ।" ਸਤਿਗੁਰਾਂ ਅਹੋਮ ਰਾਜਾ ਸੁੱਗਦੇਵ ਚੱਕ੍ਰ ਧੁਜ ਸਿੰਘ ਤੇ ਰਾਜਾ ਰਾਮ ਸਿੰਘ ਦੇ ਦਰਮਿਆਨ ਪੈ ਕੇ ਸੁਲਾਹ ਕਰਾ ਦਿੱਤੀ । ਇਸੇ ਖੁਸ਼ੀ ਵਿੱਚ ਬ੍ਰਹਮ ਪੁੱਤਰ ਦਰਿਆ ਦੇ ਕਿਨਾਰੇ ਇੱਕ ਉੱਚੀ ਥਾਂ 'ਤੇ ਰਾਜਪੂਤ ਸਿਪਾਹੀਆਂ ਨੇ ਆਪਣੀਆਂ ਢਾਲਾਂ ਵਿੱਚ ਮਿੱਟੀ ਭਰ ਕੇ ਗੁਰੂ ਜੀ ਲਈ ਇੱਕ ਚਬੂਤਰਾ ਤਿਆਰ ਕੀਤਾ ਜੋ ਕਿ ਹੁਣ 'ਗੁਰਦੁਆਰਾ ਧੋਬੜੀ ਸਾਹਿਬ' ਕਰਕੇ ਪ੍ਰਸਿੱਧ ਹੈ । ਇਸੇ ਸਮੇਂ ਰਾਜਪੂਤਾਂ ਵਿੱਚ ਗੁਰੂ ਜੀ ਦੀ ਸ਼ਖ਼ਸੀਅਤ ਦਾ ਡੂੰਘਾ ਪ੍ਰਭਾਵ ਪਿਆ ਤੇ ਆਪ ਨੂੰ ਭਾਰਤੀ ਸੰਸਕ੍ਰਿਤੀ ਦਾ ਰਾਖਾ ਜਾਣਿਆ ।

ਇਸ ਤੋਂ ਬਾਅਦ ਆਪ ਦਿੱਲੀ ਤੋਂ ਹੁੰਦੇ ਹੋਏ ਪੰਜਾਬ ਵੱਲ ਪਰਤ ਆਏ ਤੇ ਭਾਈ ਦਿਆਲ ਦਾਸ ਨੂੰ ਉਨ੍ਹਾਂ ਹਦਾਇਤ ਘੱਲੀ ਕਿ ਪਰਿਵਾਰ ਨੂੰ ਵੀ ਪਟਨੇ ਤੋਂ ਇਧਰ ਲੈ ਆਓ । ਪਰਿਵਾਰ ਲਖਨੌਰ ਤੋਂ ਹੁੰਦਾ ਹੋਇਆ ਪੰਜਾਬ ਵਲ ਪਧਾਰਿਆ ਤਾਂ ਗੁਰੂ ਜੀ ਨਾਲ ਸਨ ਤੇ ਇਹ ਸਾਰੇ ਨਵਾਬ ਸੈਫ਼ ਖ਼ਾਂ ਪਾਸ, ਸੈਫ਼ਾਬਾਦ ਕਾਫ਼ੀ ਅਰਸਾ ਠਹਿਰੇ । ਇਥੋਂ ਲੰਘ, ਸੂਲੋਵਾਲ, ਠੀਕਰੀਵਾਲ ਤੋਂ ਹੁੰਦੇ ਹੋਏ ਮੱਲ੍ਹੇ ਗਏ, ਜਿਥੇ ਕਿ ਭੈਣ ਵੀਰੋ ਦਾ ਘਰ ਸੀ ।

ਮਾਲਵੇ ਵਿੱਚ ਪ੍ਰਚਾਰ ਕਰਦੇ ਫਿਰ ਮਾਝੇ ਵੱਲ ਆ ਗਏ ਤੇ ਬਕਾਲੇ ਕੁਝ ਅਰਸਾ ਠਹਿਰੇ ਤੇ ਇੱਥੇ ਮਾਰਚ ੧੬੭੨ ਈ: ਦੀ ਵਿਸਾਖੀ ਨੂੰ 'ਚੱਕ ਨਾਨਕੀ' ਪਹੁੰਚ ਗਏ। ਰਾਜਾ ਭੀਮ ਚੰਦ ਦੀ ਮਾਤਾ ਰਾਣੀ ਚੰਪਾ ਨੇ ਸਾਰੇ ਪਰਿਵਾਰ ਨੂੰ ਬਿਲਾਸਪੁਰ ਸੱਦਿਆ ਅਤੇ ਸਾਹਿਬਜ਼ਾਦਾ ਗੋਬਿੰਦ ਦਾਸ ਦੀ ਆਮਦ ਦੀ ਵਿਸੇਸ਼ ਖੁਸ਼ੀ ਮਨਾਈ। ਲਗਪਗ ਦੋ ਸਾਲ ਗੁਰੂ ਜੀ ਇਥੇ ਟਿਕੇ ਰਹੇ। ਇਸ ਸਮੇਂ ਔਰੰਗਜ਼ੇਬ ਦਾ ਦਮਨ-ਚੱਕ੍ਰ ਸਾਰੇ ਦੇਸ਼ ਨੂੰ ਭੈਭੀਤ ਕਰ ਰਿਹਾ ਸੀ ਤੇ ਧੱਕੇ ਨਾਲ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦੀ ਮੁਹਿੰਮ ਜ਼ੋਰਾਂ ਤੇ ਸੀ। ਕਸ਼ਮੀਰ ਵਿੱਚ ਹਾਲਤ ਵਧੇਰੇ ਭਿਆਨਕ ਸੀ ਕਿਉਂਕਿ ਸੂਬੇਦਾਰ ਇਫ਼ਤਖ਼ਾਰ ਖ਼ਾਂ ਨੇ ਹਿੰਦੂਆਂ ਨਾਲ ਅਤਿ ਧੱਕਾ ਸ਼ੁਰੂ ਕਰ ਦਿੱਤਾ ਸੀ। ਇਸੇ ਤ੍ਰਾਸ ਦੇ ਮਾਰੇ ਹੋਏ, ੧੬ ਬ੍ਰਾਹਮਣਾਂ ਦਾ ਪ੍ਰਤੀਨਿਧ ਮੰਡਲ ਪੰਡਿਤ ਕ੍ਰਿਪਾ ਰਾਮ ਮਟਨ ਕਸ਼ਮੀਰ ਵਾਲੇ ਦੀ ਅਗਵਾਈ ਵਿੱਚ ੨੫ ਮਈ ੧੬੭੫ ਈ: ਨੂੰ ਚੱਕ ਨਾਨਕੀ ਪਹੁੰਚਿਆ ਤੇ ਇਸ ਨੇ ਦੇਸ਼ ਦੀ ਦਰਦਨਾਕ ਵਿਥਿਆ ਸਤਿਗੁਰਾਂ ਅੱਗੇ ਰੱਖੀ। ਗੁਰੂ ਸਾਹਿਬ ਦਾ ਮਨ ਸੁਣ ਕੇ ਦ੍ਰਵ ਗਿਆ ਤੇ ਆਪ ਨੇ ਕਿਹਾ, "ਧੀਰਜ ਰੱਖੋ, ਆਪ ਸਭ ਦੀ ਸਹਾਇਤਾ ਬਾਬਾ ਨਾਨਕ ਕਰੇਗਾ।" ਇਸ ਸਾਰੀ ਸਰਗਰਮੀ ਦੀ ਖ਼ਬਰ ਸਰਕਾਰੀ ਹਲਕਿਆ ਵਿੱਚ ਵੀ ਪਹੁੰਚ ਗਈ ਤੇ ਔਰੰਗਜ਼ੇਬ ਨੇ ਆਪ ਦੀ ਤੁਰੰਤ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕੀਤੇ। ਇਧਰ ਸਤਿਗੁਰੂ ਜੀ ਸ੍ਰੀ ਗੋਬਿੰਦਦਾਸ ਜੀ ਨੂੰ ਗੁਰਿਆਈ ਸੌਂਪ ਕੇ ਭਾਈ ਦਿਆਲਾ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਨੂੰ ਨਾਲ ਲੈ ਕੇ ਚੱਕ ਨਾਨਕੀ ਤੋਂ ਕੀਰਤਪੁਰ ਵਲ ਚਲ ਪਏ, ਜਦੋਂ ਆਪ ਸਰਸਾ ਪਾਰ ਕਰਕੇ ਰੋਪੜ ਲਾਗੇ ਮਲਕਪੁਰ ਪਹੁੰਚੇ ਤਾਂ ਰੋਪੜੀ ਥਾਣੇਦਾਰ-ਮਿਰਜ਼ਾ ਨੂਰ ਮੁਹੰਮਦ ਖ਼ਾਂ ਨੇ ਆਪ ਨੂੰ ਸਾਥੀਆਂ ਸਮੇਤ ਗ੍ਰਿਫ਼ਤਾਰ ਕਰਕੇ ਅਬਦੁਲ ਅਜ਼ੀਜ਼ ਦਿਲਾਵਰ ਖ਼ਾਂ, ਹਾਕਮ ਸਰਹੰਦ ਪਾਸ ਪਹੁੰਚਾ ਦਿੱਤਾ, ਜਿਥੇ ਕਿ ਆਪ ਲਗਪਗ ਪੌਣੇ ਚਾਰ ਮਹੀਨੇ ਬਸੀ ਪਠਾਣਾਂ ਦੇ ਵੱਡੇ ਬੰਦੀਖ਼ਾਨੇ ਵਿੱਚ ਰਹੇ। ਆਪ ਨੂੰ ਕਈ ਤਰ੍ਹਾਂ ਦੇ ਕਸ਼ਟ ਦਿੱਤੇ ਗਏ। ਇਥੇ ਆਪ ਦੀ ਯਾਦ ਵਿੱਚ ਉਦਾਸੀ ਸਾਧੂਆਂ ਵਲੋਂ ਬਣਾਇਆ ਗੁਰ-ਅਸਥਾਨ ਹੈ।

ਇਸੇ ਸਮੇਂ ਹਾਕਮ ਸਰਹੰਦ ਨੇ ਪਠਾਣਾਂ ਨਾਲ ਯੁੱਧ ਕਰ ਰਹੇ ਹਸਨ ਅਬਦਾਲ ਬੈਠੇ ਬਾਦਸ਼ਾਹ ਨੂੰ ਲਿਖਿਆ ਕਿ ਹੁਣ ਅਗਲੇਰੀ ਕਾਰਵਾਈ ਕੀ ਕੀਤੀ ਜਾਵੇ ਤਾਂ ਦੂਜਾ ਸ਼ਾਹੀ ਹੁਕਮ ਆਇਆ ਕਿ ਇਨ੍ਹਾਂ ਨੂੰ ਦਿੱਲੀ ਲਿਜਾ ਕੇ ਕਤਲ ਕਰ ਦਿੱਤਾ ਜਾਵੇ। ਇਸ ਅਨੁਸਾਰ ਮੱਘਰ ਵਦੀ ਤ੍ਰੌਦਸੀ ਨੂੰ ਆਪ ਨੂੰ ਪਿੰਜਰੇ ਵਿੱਚ ਪਾ ਕੇ ਦਿੱਲੀ ਲਿਆਂਦਾ ਗਿਆ ਜਿਥੇ ਕਿ ਉਹ ਅੱਠ ਦਿਨ ਭੁੱਖਣ-ਭਾਣੇ ਕੈਦ ਰਹੇ। ਜ਼ਾਲਮਾਂ ਤਸੀਹੇ ਬਹੁਤ ਦਿੱਤੇ। ਭਾਈ ਦਿਆਲੇ ਨੂੰ ਦੇਗ ਵਿੱਚ ਉਬਾਲਿਆ ਗਿਆ, ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ, ਤੇ ਭਾਈ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕੇ ਸਾੜ ਦਿੱਤਾ ਗਿਆ। ਇਹ

ਸਾਰੀਆਂ ਗੱਲਾਂ ਇਸ ਲਈ ਕੀਤੀਆਂ ਤਾਕਿ ਉਹ ਬਾਦਸ਼ਾਹ ਦੇ ਕਾਜ਼ੀ ਦੀ ਸ਼ਰਤ ਮੰਨ ਲੈਣ। ਸ਼ਰਤ ਇਹ ਸੀ ਕਿ ਜੇ ਉਹ ਪੀਰ ਹਨ ਤਾਂ ਕਰਾਮਾਤ ਦਿਖਾਉਣ, ਨਹੀਂ ਤਾਂ ਇਸਲਾਮ ਕਬੂਲ ਕਰਨ। ਗੁਰੂ ਜੀ ਦਾ ਜਵਾਬ ਸੀ-"ਕਰਾਮਾਤ ਕਹਿਰ ਹੈ, ਅਸੀਂ ਤਾਂ ਪ੍ਰਭੂ ਦੀ ਰਜ਼ਾ ਵਿੱਚ ਰਹਿਣ ਵਾਲੇ ਹਾਂ। ਹੁਣ ਧਰਮ ਬਦਲਣ ਦਾ ਸਵਾਲ ਨਹੀਂ, ਅਸਾਨੂੰ ਜਿਸ ਧਰਮ ਨੇ ਉਮਰ-ਭਰ ਬਚਾਇਆ ਹੈ, ਉਹੋ ਧਰਮ ਸਾਡੇ ਨਾਲ ਧੁਰ ਤੱਕ ਨਿਭੇਗਾ।" ਅੰਤ ੧੧ ਨਵੰਬਰ ੧੬੭੫ ਈ: ਨੂੰ ਚਾਂਦਨੀ ਚੌਕ ਦੇ ਬਰੋਟੇ ਹੇਠ ਸ਼ਾਹੀ ਕਾਜ਼ੀ ਦੇ ਹੁਕਮ ਅਨੁਸਾਰ ਜਲਾਲੁਦੀਨ ਜੱਲਾਦ ਨੇ ਤਲਵਾਰ ਮਾਰ ਕੇ ਆਪ ਨੂੰ ਸ਼ਹੀਦ ਕਰ ਦਿੱਤਾ। ਆਖਰ, 'ਸਾਧੋ ਇਹੁ ਤਨੁ ਮਿਥਿਆ ਜਾਨੋ' ਦਾ ਹੋਕਾ ਦੇਣ ਵਾਲਾ ਮਹਾਂਪੁਰਸ਼ ਹਿੰਦੁਸਤਾਨ ਦੀ ਧਾਰਮਿਕ ਸੁਤੰਤ੍ਰਤਾ ਨੂੰ ਕਾਇਮ ਰੱਖਣ ਲਈ ਆਪਣੀ ਕਾਇਆ ਦਾ ਠੀਕਰਾ ਦਿਲੀਪਤਿ ਦੇ ਸਿਰ ਭੰਨ ਕੇ ਜੋਤੀ ਜੋਤਿ ਸਮਾ ਗਿਆ। ਆਪ ਦੇ ਪਵਿੱਤਰ ਖ਼ੂਨੀ ਕਤਰੇ ਧਰਤੀ ਤੇ ਡਿਗਣ ਦੀ ਦੇਰ ਸੀ ਕਿ ਨਿਰਬਲ ਮਨੁੱਖਤਾ ਵਿੱਚ ਬਲ ਪੈਦਾ ਹੋ ਗਿਆ। ਜਿਵੇਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਪੰਜਾਬ ਭਰ ਵਿੱਚ ਅੱਗ ਲਾ ਦਿੱਤੀ ਸੀ, ਤਿਵੇਂ ਦਿੱਲੀ ਵਿੱਚ ਹੋਈ ਗੁਰੂ ਤੇਗ ਬਹਾਦਰ ਦੀ ਕੁਰਬਾਨੀ ਨੇ ਹਿੰਦ-ਭਰ ਵਿੱਚ ਇਨਕਲਾਬ ਦੇ ਸ਼ੋਅਲੇ ਭੜਕਾ ਦਿੱਤੇ। ਘੁਣ-ਖਾਧੀ ਲੱਕੜ ਵਾਂਙ ਮਾਮੂਲੀ ਸੜੇ-ਸੁੱਕੇ ਮਨੁੱਖ ਵੀ ਜੁਆਲਾ ਵਾਂਙ ਬਲ ਉੱਠੇ, ਜਿਨ੍ਹਾਂ ਦੇ ਭਾਂਬੜ ਨੇ ਉਸ ਪਵਿੱਤਰ ਸ਼ਖ਼ਸੀਅਤ ਦੀ ਕਾਤਿਲ ਹਕੂਮਤ ਨੂੰ ਭਸਮਾਭੂਤ ਕਰ ਦਿੱਤਾ। ਇਉਂ ਅੰਤ ਜਬਰ ਦੀ ਹਾਰ ਤੇ ਸ਼ਾਂਤਿ ਸਬਰ ਵਾਲੇ ਧਰਮ ਦੀ ਵਿਜੈ ਹੋਈ।

ਸ੍ਰੀ ਦਸਮੇਸ਼ ਜੀ ਦਾ ਕਥਨ ਹੈ:

**ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ ॥੧੬॥**

**ਬਚਿਤ੍ਰ ਨਾਟਕ ਅ. ੫ -**

ਸਰਕਾਰੀ ਹੁਕਮ ਤਾਂ ਇਹ ਸੀ ਕਿ ਇਨ੍ਹਾਂ ਦੀ ਲਾਸ਼ ਦੇ ਟੁਕੜੇ ਟੁਕੜੇ ਕਰਕੇ ਦਰਵਾਜ਼ਿਆਂ ਤੇ ਟੰਗੇ ਜਾਣ ਤਾਕਿ ਸਾਰੀ ਹਿੰਦਵੈਣ ਨੂੰ ਨਸੀਹਤ ਹੋਵੇ, ਲੇਕਿਨ ਦਿਲਵਾਲੀ ਮਹੱਲੇ ਦੇ ਸਿੱਖਾਂ ਦੀ ਦਲੇਰੀ ਕਿ ਭਾਈ ਨਾਨੂਰਾਇ, ਜੈਤੇ ਨੂੰ ਨਾਲ ਲੈ ਕੇ ਆਪ ਦਾ ਸੀਸ ਰਾਤ ਨੂੰ ਚੁੱਕ ਕੇ ਲੈ ਗਿਆ ਤੇ ਭਾਈ ਲੱਖੀ ਦੇ ਬੀਰ ਸਪੁੱਤਰ ਨਗਾਹੀਏ ਨੇ ਹਿੰਮਤ ਕਰਕੇ ਲਾਸ਼ ਨੂੰ ਰੂੰ ਦੀ ਗੱਡ ਵਿੱਚ ਛਿਪਾ ਕੇ ਬਾਹਰਵਾਰ ਰਾਇਸੀਨਾ ਬਸਤੀ ਵਿੱਚ ਰਕਾਬ ਗੰਜ ਲਿਆਂਦਾ ਤੇ ਆਪਣੀ ਝੁੱਗੀ ਨੂੰ ਅੱਗ ਲਾ ਕੇ ਸੰਸਕਾਰ ਕੀਤਾ, ਲੇਕਿਨ ਔਰੰਗਜ਼ੇਬ ਅਜੇ ਵੀ ਸੰਤੁਸ਼ਟ ਨਹੀਂ ਦੀ। ਉਹ ਜਦੋਂ ਜਨਵਰੀ ੧੬੭੬ ਈ: ਵਿੱਚ ਲਾਹੌਰ ਆਇਆ ਤਾਂ ਉਸ ਨੇ ਫਿਰ ਪੰਜਾਬ ਵਿੱਚ ਥਾਂ ਥਾਂ ਤੋਂ ਘੋਖ ਕਰਵਾਈ ਕਿ ਇਸ ਲਹਿਰ ਦਾ ਕੋਈ ਹੋਰ ਛੋਟਾ-

ਮੋਟਾ ਆਗੂ ਹੈ ? ਤਾਂ ਧੀਰਮੱਲ ਨੂੰ ਦੋ ਸਿੱਖਾਂ ਸਮੇਤ ਫੜ ਕੇ ਰਣਥੰਭੋਰ ਕੈਦ ਕਰ ਦਿੱਤਾ ਤੇ ਉਹ ਉੱਥੇ ੧੬ ਨਵੰਬਰ ੧੬੭੭ ਈ: ਨੂੰ ਪ੍ਰਾਣ ਤਿਆਗ ਗਿਆ। ਫਿਰ ਧੀਰਮੱਲ ਦੇ ਪੁੱਤਰ ਰਾਮਚੰਦ ਨੂੰ ਦਿੱਲੀ ਲਿਜਾ ਕੇ ੨੪ ਜੁਲਾਈ ੧੬੭੯ ਈ: ਨੂੰ ਸ਼ਹੀਦ ਕਰ ਦਿੱਤਾ। ਇਹ ਸਾਰੀ ਸ਼ਹੀਦ-ਮਾਲਾ ਦੱਸਦੀ ਹੈ ਕਿ ਕਿਵੇਂ ਔਰੰਗਜ਼ੇਬ, ਸਿੱਖੀ ਦੇ ਨਿੱਕੇ ਵੱਡੇ ਹਾਮੀ ਨੂੰ ਮਲੀਆਮੇਟ ਕਰਨ ਤੇ ਤੁਲਿਆ ਹੋਇਆ ਸੀ। ਗੁਰੂ ਤੇਗ ਬਹਾਦਰ ਦੀ ਕੁਰਬਾਨੀ ਨੇ ਦੇਸ ਉੱਤੇ ਡੂੰਘਾ ਪ੍ਰਭਾਵ ਪਾਇਆ ਤੇ ਉਨ੍ਹਾਂ ਦੇ ਲਾਇਕ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਕੁਰਬਾਨੀ ਦੀ ਸਮਰੱਥਾ ਨਾਲ ਸੰਤ-ਸਿਪਾਹੀ ਖ਼ਾਲਸਾ ਪੰਥ ਦੀ ਸਾਜਨਾ ਕੀਤੀ, ਜਿਸ ਜਬਰ ਜ਼ੁਲਮ ਦੀ ਜੜ੍ਹ ਮੁੱਢੋਂ ਪੁੱਟ ਮੁਕਾਈ।

ਇਸ ਸਾਰੀ ਸਫਲਤਾ ਦਾ ਭੇਦ ਰੱਬੀ ਸਿਦਕ ਤੇ ਧਰਮ ਵਿੱਚ ਦ੍ਰਿੜ੍ਹਤਾ ਸੀ, ਇਹੋ ਕੁਰਬਾਨੀ-ਪੁੰਜ, ਸੰਗ੍ਰਾਮੀਏ ਗੁਰੂ ਦਾ ਹੋਕਾ ਸੀ :

**ਚਿਤ ਚਰਣ ਕੰਵਲ ਕਾ ਆਸਰਾ, ਚਿਤ ਚਰਣ ਕੰਵਲ ਸੰਗਿ ਜੋੜੀਐ।**
**ਮਨ ਲੋਚੈ ਬੁਰਿਆਈਆਂ, ਗੁਰਸ਼ਬਦੀਂ ਇਹ ਮਨ ਰੋੜੀਐ।**
**ਬਾਂਹਿ ਜਿਨਾ ਦੀ ਪਕੜੀਏ, ਸਿਰ ਦੀਜੈ ਬਾਂਹ ਨ ਛੋੜੀਐ।**
**ਤੇਗ ਬਹਾਦਰ ਬੋਲਿਆ, ਧਰ ਪਈਏ ਧਰਮ ਨ ਛੋੜੀਐ।**

## ਦਾਤਾ ਤੇ ਮੰਗਤਾ

ਗਿ: ਸੰਤ ਸਿੰਘ ਮਸਕੀਨ

ਮੰਗਣ ਦੀ ਰੁਚੀ ਬਹੁਤ ਪ੍ਰਬਲ ਮਨੁੱਖ ਅੰਦਰ ਵੇਖਣ ਨੂੰ ਮਿਲਦੀ ਹੈ। ਅਕਸਰ ਮਨੁੱਖ ਉਹੀ ਚੀਜ਼ ਮੰਗਦਾ ਹੈ ਜੋ ਇਸ ਕੋਲ ਨਾ ਹੋਵੇ। ਬਚਪਨ ਵਿੱਚ ਇਹ ਮਾਂ ਬਾਪ ਪਾਸੋਂ ਮੰਗਦਾ ਹੈ, ਫਿਰ ਭੈਣਾਂ ਭਰਾਵਾਂ ਪਾਸੋਂ। ਸਮਾਂ ਪਾ ਕੇ ਫਿਰ ਪੁੱਤਰਾਂ ਕੋਲੋਂ ਮੰਗਦਾ ਹੈ। ਇਸ ਤਰ੍ਹਾਂ ਇਸ ਦੀ ਮੰਗਣ ਦੀ ਵਾਦੀ ਪੈ ਜਾਂਦੀ ਹੈ ਤੇ ਜਦ ਇਤਨਿਆਂ ਪਾਸੋਂ ਮੰਗ ਕੇ ਵੀ ਪੂਰਤੀ ਨਾ ਹੋਵੇ ਤਾਂ ਫਿਰ ਇਹ ਪ੍ਰਮਾਤਮਾ ਪਾਸੋਂ ਮੰਗਦਾ ਹੈ।

ਅਸੀਂ ਉਸ ਨੂੰ ਮੰਗਤਾ ਕਹਿੰਦੇ ਹਾਂ ਜੋ ਬਾਜ਼ਾਰ ਵਿੱਚ ਖੜਾ ਪੈਸਾ ਪੈਸਾ ਮੰਗ ਰਿਹਾ ਹੈ। ਅਸਲੀ ਮੰਗਤਾ ਤਾਂ ਉਹ ਹੈ ਜੋ ਸਭ ਕੁਝ ਹੁੰਦੇ ਹੋਏ ਵੀ ਪ੍ਰਮਾਤਮਾ ਕੋਲੋਂ ਮੰਗੀ ਜਾ ਰਿਹਾ ਹੈ ਤੇ ਇਸ ਦੀ ਮੰਗ ਦਾ ਅੰਤ ਨਹੀਂ ਹੁੰਦਾ।

ਜੋ ਮਨੁੱਖ ਆਪਣੇ ਆਪ ਨੂੰ ਮਾਰ ਨਹੀਂ ਸਕਦਾ, ਉਹ ਮੰਗ ਵੀ ਨਹੀਂ ਸਕਦਾ। ਮੰਗਣ ਵਾਸਤੇ ਆਪਣੇ ਆਪ ਨੂੰ ਪੂਰਨ ਰੂਪ ਮਾਰਨਾ ਪੈਂਦਾ ਹੈ। ਜੋ ਆਪਣੇ ਆਪ ਨੂੰ ਪੂਰਨ ਰੂਪ ਵਿੱਚ ਮਾਰ ਨਹੀਂ ਸਕਦੇ, ਉਹੋ ਪੂਰਨ ਰੂਪ ਵਿੱਚ ਮੰਗ ਨਹੀਂ ਸਕਦੇ। ਉਹ ਮੰਗਦੇ ਹੋਏ ਸ਼ਰਮਾਂਦੇ ਰਹਿੰਦੇ ਹਨ। ਮੰਗਣ ਵਾਲੇ ਨੂੰ ਭਾਵੇਂ ਕੁਛ ਮਿਲੇ ਯਾਂ ਨਾ ਮਿਲੇ ਪਰ ਉਸ ਦਾ ਮਾਨ ਗੌਰਵਤਾ ਤੇ ਅਣਖ ਤਾਂ ਨਸ਼ਟ ਹੀ ਹੋ ਜਾਂਦੇ ਹਨ। ਇਨ੍ਹਾਂ ਗੁਣਾਂ ਨੂੰ ਮਾਰੇ ਬਿਨਾਂ ਮੰਗਣਾ ਔਖਾ ਹੈ :

ਮਾਂਗਤ ਮਾਨ ਨ ਪਾਇਆ

– –

ਮੰਗਣ ਗਿਆ ਸੋ ਮਰ ਰਹਿਆ

– –

ਤਬ ਲਗ ਗੁਣ ਅਰ ਗੌਰਵਤਾ ਜਬ ਲਗ ਕਹੈ ਨ ਦੇਹ ।

ਦੇਹ ਕਹੈ ਤੋ ਖੇਹਿ ਸਭ ਗੁਣ ਗੌਰਵ ਪਿਠ ਦੇਹ ।

ਮਨੁੱਖ ਦੀ ਸਭ ਤੋਂ ਵੱਡੀ ਮੰਗ ਸੁਖ ਹੈ ਤੇ ਸੁਖ ਇਹ ਪਦਾਰਥਾਂ ਵਿੱਚ ਮੰਨੀ ਬੈਠਾ ਹੈ । ਇਸ ਵਾਸਤੇ ਇਹ ਪ੍ਰਮਾਤਮਾ ਪਾਸੋਂ ਪਦਾਰਥ ਹੀ ਮੰਗਦਾ ਰਹਿੰਦਾ ਹੈ । ਪਰ ਇਸ ਤਰ੍ਹਾਂ ਦੀ ਮੰਗ ਮੰਗਣੀ ਇੱਕ ਤਰ੍ਹਾਂ ਦੀ ਝੱਖ ਹੀ ਮਾਰਨੀ ਹੈ :

ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥

ਮਾਝ ਕੀ ਵਾਰ (ਮਃ ੧) – ਅੰਗ ੧੪੯

ਚਲਦਾ...

## ਗਤੀਵਿਧੀਆਂ

**1. ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੂਰਬ**

**ਪ੍ਰਭਾਤ ਫੇਰੀਆਂ:–** ਧੰਨ –ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਨੂੰ ਮਨਾਉਦੇ ਹੋਏ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ ਤੋਂ ਮਿਤੀ ੧੬–੧੧–੨੦੧੯ ਨੂੰ ਪ੍ਰਭਾਤ ਫੇਰੀਆਂ ਅਰੰਭ ਕੀਤੀਆਂ ਗਈਆਂ ਪ੍ਰਭਾਤ ਫੇਰੀਆਂ ਦੀ ਸਮਾਪਤੀ ਮਿਤੀ ੨੨–੧੧–੨੦੧੯ ਨੂੰ ਕੀਤੀ ਗਈ । ਪ੍ਰਭਾਤ ਫੇਰੀਆਂ ਵਿੱਚ ਹਰ ਰੋਜ਼ ਗੁਰਮਤਿ ਪ੍ਰਸਾਰ ਇੰਨਸਟੀਚਿਊਟ ਦੇ ਵਿਦਿਆਰਥੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਵੀ ਹਾਜ਼ਰੀਆਂ ਭਰੀਆਂ ।

**ਧੰਨ–ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਸਮਾਗਮ:–**

ਧੰਨ–ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ ੨੩–੧੧–੨੦੧੯ (ਸ਼ੁੱਕਰਵਾਰ) ਨੂੰ ਸਵੇਰੇ ੭.੩੦ ਵਜੇ ਤੋਂ ੧੦.੩੦ ਵਜੇ ਤੱਕ ਗੁਰਮਤਿ ਸਮਾਗਮ ਹੋਏ । ਜਿਸ ਵਿੱਚ ਪ੍ਰਭਾਤ ਫੇਰੀਆਂ ਵਿੱਚ ਜਾਣ ਵਾਲੀ ਸਮੂਹ ਸੰਗਤ ਨੇ ਸੰਗਤੀ ਰੂਪ ਵਿੱਚ ਇਲਾਹੀ ਬਾਣੀ ਦੇ ਕੀਰਤਨ ਦੀ ਸੇਵਾ ਨਿਭਾਈ ਭਾਈ ਹਰਵੀਰ ਸਿੰਘ ਨੇ ਕਥਾ ਦੀ ਸੇਵਾ ਨਿਭਾਈ। ਸਮਾਪਤੀ ਤੇ ਚਾਹ ਪਕੋੜਿਆਂ ਦੇ ਲੰਗਰ ਅਤੁੱਟ ਵਰਤਾਏ ਗਏ ।

**ਸੰਗਤੀ ਰੂਪ ਵਿੱਚ ਸਹਿਜ ਪਾਠਾਂ ਦੀ ਅਰੰਭਤਾ :** ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤੀ ਰੂਪ ਵਿੱਚ ਸਹਿਜ ਪਾਠਾਂ ਦੀ ਅਰੰਭਤਾ ਮਿਤੀ 17-11-2018 (ਸ਼ਨਿਚਰਵਾਰ) - ਰਾਤ 8.30 ਵਜੇ , ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾ ਰੋਡ, ਮੁੰਡੀ ਖਰੜ ਵਿਖੇ ਹੋਈ।ਇਸ ਸਮੇਂ ਸੰਗਤਾ ਨੂੰ ਵਿਸ਼ੇਸ਼ ਤੌਰ ਤੇ ਬੇਨਤੀ ਕੀਤੀ ਗਈ ਕਿ ਗੁਰੂ ਨਾਨਕ ਦੇਵ ਜੀ ਦੇ ੫੫੦ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋ ਕੇ ਘੱਟੋ -ਘੱਟ ਇੱਕ ਸਹਿਜ ਪਾਠ ਨਵੰਬਰ ੨੦੧੯ ਤੱਕ ਕਰੀਏ ਅਸਲ ਵਿੱਚ ਇਹ ਹੀ ਸਹੀ ਢੰਗ ਹੋਵੇਗਾ ਗੁਰਪੁਰਬ ਮਨਾਉਣ ਦਾ ਨਾਲ ਹੀ ਬੇਨਤੀ ਕੀਤੀ ਗਈ ਕਿ ਜੋ ਸੰਗਤਾ ਪਾਠ ਕਰ ਲੈਦੀਆਂ ਹਨ ਉਹ ਤਿੰਨ ਮਹੀਨੇ ਵਿੱਚ ਸਹਿਜ ਪਾਠ ਸੰਪੂਰਨ ਕਰਨ ਅਤੇ ਫਿਰ ਸੰਗਤੀ ਰੂਪ ਵਿੱਚ ਤਿੰਨ ਮਹੀਨੇ ਬਾਅਦ ਸਹਿਜ ਪਾਠ ਦੇ ਭੋਗ ਪਾਏ ਜਾਣਗੇ ।ਇਸ ਤਰ੍ਹਾਂ ਇਹ ਲੜੀ ਸਾਰਾ ਸਾਲ ਚੱਲਦੀ ਰਹੇਗੀ। ਇਸ ਸਮੇਂ ਸੰਗਤੀ ਰੂਪ ਵਿੱਚ ੪੦ ਪ੍ਰਾਣੀਆਂ ਨੇ ਸਹਿਜ ਪਾਠ ਅਰੰਭ ਕੀਤੇ । ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।



ਸੰਗਤੀ ਰੂਪ ਵਿੱਚ ਸਹਿਜ ਪਾਠ ਅਰੰਭ ਕਰਾਉਦੇ ਹੋਏ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ





ਸਹਿਜ ਪਾਠ ਅਰੰਭ ਕਰਦੀਆਂ ਸੰਗਤਾ

**ਗੁਰਮਤਿ ਸਮਾਗਮ :–** ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਸੈਕਟਰ ੩੪ ਚੰਡੀਗੜ ਵਿਖੇ ਧੰਨ -ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਨੂੰ ਮਨਾਉਦੇ ਹੋਏ ਸਾਮ ਦੇ ਸਮਾਗਮ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੁਆਰਾ ਕੀਤੇ ਗਏ ਜਿਸ ਵਿੱਚ ਭਾਈ ਹਰਪ੍ਰੀਤ ਸਿੰਘ ਅਤੇ ਭਾਈ ਵਰਿੰਦਰ ਸਿੰਘ ਨੇ ਕੀਰਤਨ ਦੀ ਸੇਵਾ ਨਿਭਾਈ ਅਤੇ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ ਕਥਾ ਦੀ ਸੇਵਾ ਨਿਭਾਈ ।



**ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਕਥਾ ਦੀ ਸੇਵਾ ਨਿਭਾਉਦੇ ਹੋਏ**



**ਭਾਈ ਹਰਪ੍ਰੀਤ ਸਿੰਘ ਕੀਰਤਨ ਦੀ ਸੇਵਾ ਨਿਭਾਉਦੇ ਹੋਏ**



**ਭਾਈ ਵਰਿੰਦਰ ਸਿੰਘ ਕੀਰਤਨ ਦੀ ਸੇਵਾ ਨਿਭਾਉਦੇ ਹੋਏ**

## ਦਸੰਬਰ ਮਹੀਨੇ ਦੇ ਸਮਾਗਮ:–

1. ਨਾਨਕਸ਼ਾਹੀ ਜੰਤਰੀ ਅਨੁਸਾਰ ਮੱਘਰ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 16-12-2018 ਦਿਨ ਐਤਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ 'ਪੋਖਿ ਤੁਖਾਰੁ ਨਾ ਵਿਆਪਈ ਕੰਠਿ ਮਿਲਿਆ ਹਰਿ ਨਾਹ ॥' ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ, ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

**ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ**

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਨਵੰਬਰ 2018 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 66 | 154 | 220 |
| 2 | Eye | 23 | 28 | 51 |
| 3 | Cardiology | 02 | 20 | 22 |
| 4 | Dental | 26 | 43 | 69 |
| 5 | Gynaecology | 08 | 21 | 29 |
| 6 | Homoeopathy | 37 | 358 | 395 |
| | Total | 162 | 624 | 786 |
| | Laboratory | 141 | | 141 |

## ਧੰਨਵਾਦਿ :

## ਨਵੰਬਰ 2018 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. Dhanwant Singh #447/Phase-IV/Mohali 1,000/-
2. Col. H.S Uppal #306/Sec. 33A/Chd 70,000/-
3. S. Harjinder Singh Sachdeva #320/Sector- 46A/Chd 5,000/-
4. S. Jaskaran Singh #202/Punjabi Bagh Patiala 6,100/-
5. Col. H.S. Puri #1420/Sector- 34C/Chd 5,000/-
6. S. Narinder Bir Singh #1444/Sector- 34C 2,500/-
7. Bibi Surjit Kaur #1444/Sec 34C/Chd 2,000/-
8. Bibi Rajleen Kaur #836/Phase II/Mohali 500/-
9. Bibi. Harleen Kaur Sarna #107G, Shivalik Vihar Naya Goan, Mohali 500/-
10. Bibi Harpreet Kaur #461/Sec 44A/Chd 1,000/-
11. S. Harsharnpal Singh Bhatia #461/Sec. 44A 1,000/-
12. Bibi Gurdeep Kaur #461/Sec. 44A/Chd 1,000/-
13. S. Sarbjit Singh #49/Comfort Homes/Kharar 6,000/-
14. Dr. Saranjit Singh # 2817/Phase-7/Mohali 4,000/-
15. S. Harjinder Singh/Sunny Enclave/M.K 500/-
16. Bibi Jasleen Kaur #1369/Sec. 40B/Chd 500/-
17. S. Surinder Singh #303/Sec. 20A/Chd 500/-
18. Bhai Ravinder Singh/ Gurdwara Chhaju Majra/M.K. 300/-
19. Bhai Ranjit Singh/V&O Lakhna Distt. Taran Taaran 5,000/-
20. S. D.P Singh #393/Phase- 9/Mohali 1,200/-
21. S. Surjit Singh #20/Shimla Homes Desu Majra/M.K. 500/
22. Bibi Amrit Kaur/Sector-34D/Chd 200/
23. S. Surjit Singh #1153/Sec. 43B/Chd 1,100/-
24. S. Jaswinder Singh #44/Sec. 30A/Chd 200/-
25. Dr. Daljeet Kaur #1549/Sector-34D/Chd 100/-
26. S. Naunihal Singh/ Om Enclave/Mundi Kharar 500/-
27. Bhai Amarjit Singh/Mundi Kharar 200/-
28. S. Surjit Singh/Mundi Kharar 100/-
29. Bhai Jagjit Singh/Mundi Kharar 100/-
30. Bibi Harsimrat Kaur/ Mundi Kharar 100/-
31. Bibi Jasleen Kaur/ Mundi Kharar 100/-
32. S. Gurpreet Singh/Village Rajgomal Distt-Jalandhar 5,000/
33. S. Sharanjit Singh/Village Rajgomal Distt-Jalandhar 5,000/
34. S. Harpreet Singh/Village Rajgomal Distt-Jalandhar 5,000/
35. S. Alamjit Singh/Village Rajgomal Distt-Jalandhar 5,000/-
36. Sh. Ashish Kumar SCO 167-168/Madhya Marg 8C/Chd 13,650/-
37. S. Tej Paul Singh #3203/Sec. 46C/Chd 2,100/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।